ਅਸਲੇ ਤੇ ਉਹਲੇ

ਜਸਵੰਤ ਸਿੰਘ ਨੇਕੀ

ਤਤਕਰਾ

ਭੂਮਿਕਾ ੭
ਮੇਰੇ ਵਲੋਂ ੧੪
ਦੂਜੀ ਐਡੀਸ਼ਨ ਦਾ ਮੁਖਬੰਧ ੧੬

ਅਸਲੇ

੧. ਫੁੱਲ ਜਾਂ ਵੱਟੇ ੧੯
੨. ਚੰਦਕੀੜਾਂ ੨੨
੩. ਵਿੱਥਾਂ ੩੦
੪. ਆਸ ੩੨
੫. ਆਓ ਪੰਛੀਓ ੩੫
੬. ਕੀ ਹੈ ਇਹ ਇਨਸਾਨ ੪੧
੭. ਜੁਗ ਅਮਨ ਦਾ ਹਾਲੇ ਦੂਰ ੪੭
੮. ਖੇਡ ਲੈ ਬੱਚੇ ਮੇਰੇ ੫੧
੯. ਧਰਮ ਦੇ ਬੀਤ ਰਹੇ ਜੁਗ ਚਾਰ ੫੫
੧੦. ਜ਼ਿੰਦਗੀ ਤੇਰੀ ਰਹੇ ੬੭
੧੧. ਜੋਤਕਾਰ ੭੨

ਉਹਲੇ

੧੨. ਇਹ ਕੋਈ ਭੁੱਖ ਮਨੁੱਖ ਦੇ ਰੂਹ ਦੀ ੭੫
੧੩. ਜੀਵਾਂ ੮੨
੧੪. ਮੈਂ ਹੋਰ ਹਾਂ ੮੬
੧੫. ਜਾਲ ੮੮
੧੬. ਦਿਲ ਮੇਰਾ ਹਸਦਾ, ਦਿਲ ਮੇਰਾ ਰੋਂਦਾ ੯੦
੧੭. ਹਕੀਕਤ ੯੫
੧੮. ਦੋ ਪਿਆਰ ੯੮
੧੯. ਸੁਤੇ-ਸਿੱਧ ੧੦੨

SIKHBOOKCLUB.COM

੨੦. ਇਕ ਵਾਸ਼ਨਾ ਹੋਰ ਜਹੀ	੧੦੭
੨੧. ਸ਼ਰਮ ਗੁਨਾਹੋਂ	੧੧੨

ਪੈਰ-ਚਿਤਰ

੨੨. ਅਜ ਕੋਈ ਆਈ ਯਾਦ	੧੧੫
੨੩. ਭੈਣ-ਪਿਆਰ ਦੀ ਤੰਦ	੧੨੦
੨੪. ਰੋਜ਼ ਤਕਿਆ ਕਰ	੧੨੪
੨੫. ਸ਼ਸ਼ੀ ਦੀ ਯਾਦ ਵਿਚ	੧੨੭
੨੬. ਕੂੰਜ ਵਿਛੋੜੀ	੧੩੨

ਕਿੰਗਰੇ

੨੭. ਘੋਰ ਹਨੇਰਿਆਂ ਉਹਲੇ	੧੩੫
੨੮. ਨਵ-ਜਨਮੇ ਨੂੰ	੧੩੬
੨੯. ਗਿਣੀਏ ਮਿੱਤਰ ਪਿਆਰੇ	੧੩੭
੩੦. ਫੁਲ ਦਾ ਭੇਤ	੧੩੮
੩੧. ਮੇਲ-ਵਿਛੋੜਾ	੧੩੯
੩੨. ਜਦ ਵੀ	੧੪੦
੩੩. ਦਿਨ ਚੜ੍ਹਦੇ	੧੪੧
੩੪. ਸ਼ਗਨ ਮਨਾਂਦੀ ਦੇ	੧੪੨
੩੫. ਭਾਵੇਂ	੧੪੩
੩੬. ਭਟਕਣ	੧੪੪
ਸਹਾਇਕ ਨੋਟ	੧੪੫

SIKHBOOKCLUB.COM

ਭੂਮਿਕਾ

ਪੰਜਾਬੀ ਕਵਿਤਾ ਹੁਣ ਜੁਆਨ ਹੋ ਗਈ ਹੈ–ਕਵੀ ਦੇ ਕਹਿਣ ਮੁਜਬ, 'ਆ ਗਭਰੇਟੀ ਹੋਈ'। ਪਰ ਬਚਪਨ ਵਲੋਂ ਨਹੀਂ, ਬੁਢੇਪੇ ਵਲੋਂ ਜੁਆਨੀ ਵਲ ਢਲੀ ਹੈ। ਅੱਗੇ ਨਿਰੀ ਸਿਆਣੀ ਜਹੀ, ਸੁਘੜ ਜਹੀ, ਠੰਡੇ ਜਹੇ ਸੁਭਾ ਵਾਲੀ, ਪੋਚੀ-ਸੁਆਰੀ ਜਹੀ ਹੋਂਦੀ ਸੀ; ਹੁਣ ਇਸ ਵਿਚ ਕੁਝ ਆਪੇ ਦਾ ਮਦ, ਹੀਏ ਦਾ ਜੋਸ਼, ਨਵੀਂ ਨਵੀਂ ਤਾਜ਼ਗੀ ਆ ਗਈ ਹੈ। ਹੁਣ ਇਹ :

ਅਮਰ ਕਲਪਨਾ ਨਾਲ ਸ਼ਿੰਗਾਰੀ,
ਸੁਹਜਾਂ ਵਿਚ ਸਮੇਟੀ,
ਜਜ਼ਬਿਆਂ ਨਾਲ ਕਲਾਵੇ ਭਰਦੀ,

ਡਰ, ਹੈਰਾਨੀ, ਪਿਆਰ, ਖ਼ੁਸ਼ੀ ਦੇ
ਸੌ ਸੌ ਸਾਗਰ ਤਰਦੀ;

ਤੇ ਕੁਝ ਅਧਰੀ ਵੀ ਹੋ ਗਈ ਹੈ। ਬਹੁਤੇ ਬੰਧਨਾਂ ਵਿੱਚ ਜਕੜੇ ਰਹਿਣ ਨੂੰ ਪਸੰਦ ਨਹੀਂ ਕਰਦੀ। ਰਾਗ-ਰੰਗ ਦੀਆਂ ਪੁਰਾਤਨ ਲੀਹਾਂ ਉੱਤੇ ਤਾਲ ਪੂਰੇ ਜਾਣ ਦੀ ਥਾਂ ਹੁਣ ਇਹ ਆਪਣੀ ਲੈਅ ਉੱਤੇ ਮਸਤ ਨਵੇਂ ਰਾਹ ਬਣਾਂਦੀ ਤੁਰੀ ਜਾਂਦੀ ਹੈ।

ਇਸ ਕਵੀ ਦੀ ਕਵਿਤਾ ਵੀ ਡਰ-ਜੁਆਨ ਹੋ ਗਈ ਹੈ। ਇਸ ਸੰਗ੍ਰਹਿ ਵਿਚ ਜਾਂ ਤਾਂ ਸੁਹਣੇ ਸੁਹਣੇ ਵਲਵਲਿਆਂ ਦੇ 'ਫੁੱਲ' ਹਨ ਜਾਂ ਮਨੁੱਖੀ ਪੀੜਾਂ ਤੇ ਕਰੜੀਆਂ ਮੁਸ਼ਕਲਾਂ ਦੇ 'ਵੱਟੇ'; ਜਾਂ ਤਾਂ ਕੋਮਲ ਕੋਮਲ ਮੁਸਕੜੀਆਂ ਹਨ, ਜਿਨ੍ਹਾਂ ਪਿੱਛੇ ਚੀਸਾਂ ਦਾ ਭਾਉਲਾ ਪੈਂਦਾ ਹੈ, ਜਾਂ ਫਿਰ ਮੂੰਹ-ਵਟਦੀਆਂ ਦੰਦੀੜਾਂ ਹਨ ਜਿਨ੍ਹਾਂ ਨੂੰ ਪੋਠੋਹਾਰੀ ਲੋਕ– ਦੁੱਖਾਂ-ਮਾਰੇ ਪੋਠੋਹਾਰੀ ਲੋਕ –'ਦੰਦਕੀੜਾਂ' ਆਖਦੇ ਹਨ।

ਪੁਸਤਕ ਦੰਦੀੜਾਂ ਤੋਂ ਹੀ ਸ਼ੁਰੂ ਹੁੰਦੀ ਹੈ : ਦੰਦੀੜਾਂ ਦੁਖ-ਭੁਖ ਦੀਆਂ, ਬੇਇਨਸਾਫ਼ੀ ਦੇ ਸ਼ਿਕਾਰ ਕਾਮਿਆਂ-ਕਿਰਸਾਨਾਂ ਦੀਆਂ, ਜਾਂ ਹੀਣਿਆਂ-ਨਿਤਾਣਿਆਂ ਉੱਤੇ ਖਿੱਝਣ ਵਾਲੇ ਧਨਵਾਨਾਂ-ਸਰਮਾਏਦਾਰਾਂ ਦੇ ਗੁਸੇ ਦੀਆਂ। ਹਰ ਕੋਈ 'ਹੜਬੂੰ ਹੜਬੂੰ !' ਕਰਦਾ ਦਸਿਆ ਹੈ। ਕੌਮਾਂ ਅੰਦਰ ਦੰਭ ਹੀ ਦੰਭ ਖਿਲਰ ਗਿਆ ਹੈ। ਮਨੁੱਖ ਉੱਤੇ ਤਾਂ ਅਮਨ-ਅਮਾਨ ਦੀਆਂ ਡੀਂਗਾਂ ਮਾਰਦੇ ਹਨ, ਪਰ

ਅੰਦਰਖ਼ਾਨੇ ਘੜੀ ਜਾ ਰਹੇ ਜੰਗਾਂ ਦੇ ਸਾਮਾਨ।

'ਸ਼ਾਂਤੀ, ਸ਼ਾਂਤੀ !' ਕੂਕਣ ਵਾਲੇ ਹਰ ਪਾਸੇ ਘਿਰਣਾ ਖਿਲਾਰ ਰਹੇ ਹਨ, ਕਿਉਂਕਿ ਹਰ ਇਕ ਦੀ ਅੱਖ ਹੈ ਦੂਜੇ ਦੀ ਮਲਕੀਅਤ ਉੱਤੇ। ਹਰ ਕੋਈ ਦੁਖੀ ਹੈ। ਕਵੀ ਇਸ ਦੁਖ ਨੂੰ ਅਨੁਭਵ ਕਰਦਾ ਹੈ ਤੇ ਅਪੀਲ ਕਰਦਾ ਹੈ ਕਿ ਲੋਕੀ ਆਪਣੀ ਤ੍ਰਿਸ਼ਨਾ ਨੂੰ ਠਲ੍ਹਾ ਪਾਉਣ, ਅਤੇ ਸਦੀਆਂ ਤੋਂ ਦੁਖਾਂ-ਮਾਰੀ ਮਾਨਵਤਾ ਉੱਤੇ ਤਰਸ ਖਾ ਕੇ ਕੋਈ ਪਿਆਰ ਦੀ ਅੰਸ ਜਗਾਉਣ, ਤੇ 'ਜੁਗਾਂ ਜੁਗਾਂ ਤੋਂ ਵਟੀਆਂ ਹੋਈਆਂ' ਦੰਦੀੜਾਂ ਖੋਲ੍ਹ ਦੇਣ। ਪਰ ਕਵੀ ਦੀ ਅਵਾਜ਼ ਪੌਣ ਦੇ ਝੁਲਾਰੇ ਵਾਙੂ ਸੁਣੀ ਅਣਸੁਣੀ ਹੋ ਜਾਂਦੀ ਹੈ। ਹਿਰਦਿਆਂ ਵਿਚ ਅਮੁੱਕ 'ਵਿੱਥਾਂ' ਪੈ ਰਹੀਆਂ ਹਨ, ਦੂਰੀਆਂ ਨਿਤ ਵਧ ਰਹੀਆਂ ਹਨ।

ਜੇ ਕੋਈ 'ਆਸ' ਦੀ ਝਲਕ ਪੈਂਦੀ ਹੈ ਤਾਂ ਕੇਵਲ ਇਕ ਪਾਸਿਓਂ : ਉਹ

ਇਹ ਕਿ ਮਨੁੱਖ ਕੁਦਰਤ ਵਲ ਵੇਖੇ। ਧਰਤ, ਅਕਾਸ਼, ਸੂਰਜ, ਸਾਗਰ ਜਿੱਥੇ ਵੀ ਟਿਕਾਏ ਗਏ ਹਨ, ਉੱਥੇ ਹੀ ਡਟੇ ਰਹਿੰਦੇ ਹਨ। ਕੋਈ ਵੀ ਆਪਣੀ ਥਾਉਂ ਹਟ ਕੇ ਆਰਾਮ ਨਹੀਂ ਲੋੜਦਾ, ਸਗੋਂ ਸੰਤੋਖ ਵਿਚ ਥਾਪੇ ਹੋਏ ਸੂਤ ਵਿਚ ਟਿਕੇ ਰਹਿੰਦੇ ਹਨ। ਏਸ ਤਰ੍ਹਾਂ ਮਨੁੱਖ ਵੀ ਨਿਤ ਦੇ ਦੁਖਾਂ ਅਤੇ ਜੀਵਨ-ਪੀੜਾਂ ਨੂੰ ਛਡ ਕੇ ਪਰੇ ਨਹੀਂ ਬੈਠ ਜਾਂਦਾ। ਉਹ ਕਿਸੇ ਆਸ ਤੇ ਸਭ ਕੁਝ ਸਹਾਰੀ ਜਾਂਦਾ ਹੈ। 'ਆਸ ਹੀ ਅਸਲਾ ਹੈ ਜੀਵਨ ਦਾ' ਤੇ ਕਵੀ ਵੇਖਦਾ ਹੈ :

ਕਿਸੇ ਆਸ ਦੇ ਹੀ ਬਲ ਤੇ ਹੈ ਕਾਇਮ ਕੁਲ ਨਜ਼ਾਮ!

ਮਨੁੱਖ ਪੰਛੀ ਨੂੰ ਦੇਖਦਾ ਹੈ ਕਿ ਕਿੰਨਾ ਛੋਟਾ ਅਤੇ ਨਿਤਾਣਾ ਜਿਹਾ ਜੀਵ ਹੈ, ਪਰ ਖੰਭ ਲਗੇ ਹੋਣ ਕਰਕੇ ਉਡ ਸਕਦਾ ਹੈ। ਮਨੁੱਖ ਵੀ ਆਪਣੇ ਅਰਸ਼ੀ ਆਲ੍ਹਣੇ ਤੋਂ ਡਿੱਗਾ, ਸੰਸਾਰੀ ਦੁਖਾਂ ਵਿਚ ਪਿਆ ਆਸ ਬੰਨ੍ਹੀ ਰਖਦਾ ਹੈ ਕਿ ਆਖ਼ਰ ਇਹ ਹਾਲਤ ਬਦਲ ਜਾਏਗੀ—ਸਦਾ ਇਉਂ ਨਹੀਂ ਰਹਿਣੀ। ਭਾਵੇਂ ਹਾਲਤ ਨਾ ਵੀ ਬਦਲੇ, ਉਹ ਆਸ ਨਹੀਂ ਛਡਦਾ; ਉਸ ਦੀ ਸੁਰਤ ਉਡਾਰੀਆਂ ਲੈਂਦੀ ਹੀ ਰਹਿੰਦੀ ਹੈ : ਕਦੀ (ਜਦੋਂ ਬਾਲ ਸੀ) ਮਾਂ ਦੀ ਨਿੱਘੀ ਬੁਕਲ ਵਿਚ, ਕਦੀ (ਜਦੋਂ ਜੁਆਨ ਹੁੰਦਾ ਹੈ) ਵਹੁਟੀ ਦੇ ਪਿਆਰ-ਦੁਆਲੇ ਵਿਚ, ਕਦੀ (ਜਦੋਂ ਬਾਪ ਬਣਦਾ ਹੈ) ਆਪਣੇ ਮਸੂਮ ਬੱਚੇ ਦੀ 'ਅਲ੍ਹੜ ਸਾਦਗੀ' ਵਿਚ ਆਪਣੇ ਅਰਸ਼ੀ ਅਰਮਾਨਾਂ ਨੂੰ ਜਗਾਈ ਰਖਦਾ ਹੈ। ਇਨ੍ਹਾਂ ਅਰਮਾਨਾਂ ਦੀ ਜਾਗ ਉਸ ਨੂੰ ਆਪਣਾ ਅਰਸ਼ੀ 'ਅਸਲਾ' ਨਹੀਂ ਭੁਲਣ ਦਿੰਦੀ, ਅਤੇ ਕਦੀ ਨਾ ਕਦੀ 'ਜੜ੍ਹਤਾ ਦੇ ਸੰਗਲ' ਤੁੜਵਾ ਕੇ ਉਸ ਨੂੰ ਆਪਣੇ ਅਰਸ਼ੀ ਘਰ ਪੁਚਾ ਦਿੰਦੀ ਹੈ।

ਪਰ ਇਸ ਜੜ੍ਹਤਾ ਤੋਂ ਉੱਚੇ ਉੱਠਣ ਦੀ ਸੰਭਾਵਨਾ ਤਦੇ ਹੋ ਸਕਦੀ ਹੈ ਜੇਕਰ ਇਨਸਾਨ ਜੜ੍ਹਤਾ ਅਤੇ ਉੱਨਤੀ ਦੇ ਫ਼ਰਕ ਨੂੰ ਪਛਾਣਦਾ ਰਹੇ, ਉਸਨੂੰ ਪਤਾ ਹੁੰਦਾ ਰਹੇ ਕਿ ਭਾਵੇਂ ਹੁਣ ਇਨਸਾਨ ਪੁਰਾਣੇ ਇਕ-ਪੁਰਖੀ ਦੁਆਲੇ ਵਿਚੋਂ ਉੱਚਾ ਉੱਠ ਕੇ ਜਨਤਕ ਦੁਆਲੇ ਵਿਚ ਆ ਖਲੋਤਾ ਹੈ, ਪਰ ਉਸ ਦੀ ਮੁਢਲੀ ਖ਼ਸਲਤ—ਟੋਲੀਆਂ ਬੰਨ੍ਹ ਕੇ ਹੋਰਨਾਂ ਉੱਤੇ ਜਾ ਪੈਣ ਦੀ, ਅਤੇ ਆਪਣੇ ਜਿਹਾਂ ਉਤੇ ਧੱਕਾ ਕਰ ਕੇ ਖ਼ੁਸ਼ੀ ਮਨਾਉਣ ਦੀ—ਅਜੇ ਗਈ ਨਹੀਂ, ਭਾਵੇਂ ਇਸ ਦਾ ਨਾਂ ਵਟਾ ਕੇ ਦੇਸ-ਪਿਆਰ ਤੇ ਸਭਿਅਤਾ ਰਖ ਲਿਆ ਗਿਆ ਹੈ।

ਆਪਣੇ 'ਚੁਗਿਰਦੇ ਦਾ ਬਰਦਾ' ਹੋਣ ਕਰਕੇ ਉਸ ਵਿਚ ਉਹੋ ਪੁਰਾਣੇ ਡਰ ਤੇ ਸਹਿਮ ਕਾਇਮ ਹਨ।

ਭਾਵੇਂ ਦੇਵ ਬਦਲਦੇ ਆਏ, ਪਰ ਸ਼ਰਧਾ ਨਾ ਬਦਲੀ

ਕਿਉਂਕਿ ਇਹ 'ਅਪਦਾ ਦੇ ਸਹਿਮ' ਵਿਚੋਂ ਉਪਜੀ ਸੀ। ਇਸ ਅੰਨ੍ਹੀ ਸ਼ਰਧਾ ਤੋਂ

ਕਈ ਕਰੋੜ ਦੇਵਤੇ ਬਣ ਗਏ

ਕਈ ਕਰੋੜਾਂ ਦੈਂਤ ਉਗਮ ਪਏ,

ਜਿਨ੍ਹਾਂ ਨੇ ਮਨੁਖ ਦਾ ਅਸਮਾਨ ਮਲ ਲਿਆ ਹੈ। ਇਲਮ ਤੇ ਸਾਇੰਸ ਦੇ ਵਾਧੇ ਨੇ ਤਬਾਹੀ ਦੇ ਨਵੇਂ ਹਥਿਆਰ ਬਣਾਏ। ਮਨੁੱਖਤਾ 'ਭੈ ਦੇ ਚਕ ਤੇ ਚੜ੍ਹ ਕੇ' ਆਪੇ ਭੁਆਟੀਆਂ ਖਾ ਰਹੀ ਹੈ। ਇਸ ਦੇ ਅਣੂ ਤੇ ਪਰਮਾਣੂ ਫਟ ਫਟ ਕੇ ਦੁਨੀਆ ਦਾ ਤਖਤਾ ਉਲਟਾ ਰਹੇ ਹਨ। ਇਉਂ ਭਾਸਦਾ ਹੈ ਜਿਵੇਂ ਮਨੁੱਖਤਾ ਦੀ ਅਕਲ ਆਪਣੀ ਹੀ ਤਬਾਹੀ ਦਾ ਕਾਰਨ ਬਣ ਕੇ ਰਹੇਗੀ।

ਪਰ ਕਵੀ ਇਹ ਵੇਖ ਕੇ ਉਦਾਸ ਨਹੀਂ ਹੋਂਦਾ। ਉਹ ਆਪ ਡਾਕਟਰ ਹੈ (ਵੇਖੋ ਪੰਨਾ ੧੦੭)। ਡਾਕਟਰ, ਮਰਜ਼ ਦੀ ਅੱਤ ਨੂੰ ਵੇਖ ਕੇ ਉਦਾਸ ਨਹੀਂ ਹੁੰਦਾ, ਹੌਲਾ ਨਹੀਂ ਛਡਦਾ; ਉਹ ਦਾਰੂ ਲਭਦਾ ਹੈ ਤੇ ਤੋੜ ਤਕ ਆਸਵੰਦ ਹੋ ਕੇ ਕੰਮ ਕਰਦਾ ਹੈ। ਕਵੀ ਸਾਇੰਸਦਾਨ ਵੀ ਹੈ (ਵੇਖੋ ਪੰਨੇ ੬੩-੬੪; ੬੮-੬੯; ੯੧-੯੨)। ਉਹ ਆਪਣੀ ਵਿਗਿਆਨਕ ਸੂਝ ਤੋਂ ਪੂਰਾ ਪੂਰਾ ਫ਼ਾਇਦਾ ਉਠਾਂਦਾ ਹੈ। ਆਮ ਤੌਰ ਤੇ ਅਜ ਕਲ੍ਹ ਦੇ ਗਿਆਨਵਾਨ ਕਵੀ, ਖਾਸ ਕਰ ਜਿਨ੍ਹਾਂ ਨੂੰ ਸਾਇੰਸ ਨਹੀਂ ਆਉਂਦੀ, ਅਤੇ ਆਮ ਅਕਲ ਦਾ ਹੀ ਆਸਰਾ ਲੈਂਦੇ ਹਨ, ਕਵਿਤਾ ਦੀ ਕੋਮਲ ਭਾਵਨਾ ਪਾ ਕੇ ਨਾਸਤਕ ਹੋ ਜਾਂਦੇ ਹਨ। ਦਿਲ ਚੂੰਕਿ ਨਰਮ ਹੁੰਦਾ ਹੈ, ਇਸ ਲਈ ਛੇਤੀ ਹੀ ਦੁਨੀਆ ਦੇ ਪ੍ਰਬੰਧ ਤੇ ਇਸ ਦੇ ਪ੍ਰਬੰਧਕ ਨਾਲ ਗੁੱਸੇ ਹੋ ਜਾਂਦੇ ਹਨ। ਕਦੀ ਗਿਲੇ ਗੁਜ਼ਾਰੀਆਂ ਕਰਦੇ ਹਨ, ਤੇ ਕਦੀ ਉਸ ਦੀ ਹੋਂਦ ਤੋਂ ਹੀ ਮੁਨਕਰ ਹੋ ਜਾਂਦੇ ਹਨ। ਪਰ ਇਸ ਕਵੀ ਉੱਤੇ ਇਹ ਅਸਰ ਨਹੀਂ ਪਿਆ। ਉਹ ਆਪਣਾ ਧੁਰਾ ਨਹੀਂ ਗੁਆਉਂਦਾ। ਉਸ ਦੀ ਸੂਝ ਦੀ ਨੀਝ ਲੰਮੀ ਹੈ। ਉਹ **'ਧਰਮ ਦੇ ਬੀਤ ਰਹੇ ਜੁਗ ਚਾਰ'** ਵਿਚ ਮਨੁੱਖਤਾ ਦੀ ਸੂਝ ਦਾ ਵਿਗਾਸ ਚਿਤਰਦਾ ਹੈ, ਅਤੇ ਦਸਦਾ ਹੈ ਕਿ ਸਾਇੰਸ ਨੇ ਮਨੁੱਖ ਵਿਚ ਖੋਜ ਦਾ ਮਾਦਾ ਪੈਦਾ ਕੀਤਾ ਹੈ। ਖੋਜ ਨੇ ਸ਼ੰਕਾ ਪੈਦਾ ਕੀਤੀ ਹੈ। ਹਰ ਤਰ੍ਹਾਂ ਦੇ ਯਕੀਨ ਸ਼ੰਕਾ ਦੀ ਪੁਣ-ਛਾਣ ਵਿਚੋਂ ਨਿਕਲ ਕੇ ਜਾਂ ਤਾਂ ਬੇ-ਬੁਨਿਆਦ ਠਹਿਰਾਏ ਜਾ ਕੇ ਰੱਦ ਕੀਤੇ ਜਾਣੇ ਹਨ, ਜਾਂ 'ਨਵੇਂ ਨਵੇਰੇ ਗਿਆਨ' ਦੇ ਰਾਹੀਂ ਪਰਖ-ਪਰਖੀ ਕੇ ਵਧੇਰੇ ਪਰਪਕ ਹੋ ਜਾਣੇ ਹਨ। ਸ਼ੁਰੂ ਸ਼ੁਰੂ ਵਿਚ ਸਾਇੰਸ ਨੇ ਰੱਬ ਦੀ ਹੋਂਦ ਬਾਰੇ ਸ਼ਕ ਪੈਦਾ ਕਰ ਦਿੱਤਾ ਸੀ, ਪਰ ਸਹੀ ਗਿਆਨ ਦੇ ਵਧਣ ਨਾਲ ਉਡਿਆ ਹੋਇਆ ਯਕੀਨ ਫਿਰ ਮੁੜ ਪਿਆ ਹੈ। ਮਨੁੱਖ ਦਾ ਮਨ ਹੋਰ ਵਿਸ਼ਾਲ, ਹੋਰ ਉਚੇਰਾ ਹੋ ਕੇ

ਸੋਚਦਾ ਹੈ ਕਿ ਇਤਨੇ ਗਹਿਮਾ ਗਹਿਮ ਅਕਾਸ਼ ਵਿਚ ਇਤਨੇ ਸਿਤਾਰੇ ਇਤਨੀ ਤੇਜ਼ੀ ਨਾਲ ਚਲਦੇ ਅਜੇ ਤਕ ਆਪੋ ਵਿਚ ਕਿਉਂ ਨਹੀਂ ਟਕਰਾਏ ? ਮੁਢਲੇ ਮਾਦੇ ਵਿਚ ਕਿਸ ਤਾਕਤ ਨੇ 'ਜੀਉਂ'ਦਾ ਦਿਲ ਧੜਕਾਇਆ ?' ਜ਼ਿੰਦਗੀ ਜੁਗਾਂ ਜੁਗਾਂ ਤੋਂ ਕਿਵੇਂ ਬਿਨਾਂ ਕਿਸੇ ਅਗਵਾਈ ਦੇ ਇਕ ਧੁਰੇ ਵਲ ਤੁਰਦੀ ਚਲੀ ਆ ਰਹੀ ਹੈ ? ਇਹ ਵੰਨ-ਸੁਵੰਨੀ ਸੱਤਾ ਕਿਸ ਮੁਢਲੀ ਸੱਤਾ ਤੋਂ ਪਸਰਦੀ ਆਈ ਹੈ ? ਇਸ ਤਰ੍ਹਾਂ ਨਾਲ ਜਿਸ ਖੋਜ ਨੇ ਮਨੁੱਖ ਨੂੰ ਕਾਫ਼ਰ ਬਣਾਇਆ ਸੀ, ਉਸੇ ਖੋਜ ਨੇ ਮੁੜ ਉਸ ਨੂੰ ਇਕ 'ਨਰੋਈ ਸਰਧਾ' ਬਖ਼ਸ਼ ਦੇਣੀ ਹੈ ਤੇ ਕਾਫ਼ਰ ਤੋਂ ਮੋਮਨ ਬਣਾ ਦਸਣਾ ਹੈ।

ਕਵੀ ਦਾ ਨਿਸਚਾ ਹੈ ਕਿ ਸਾਰੀ ਸ੍ਰਿਸ਼ਟੀ ਕਿਸੇ ਉੱਨਤੀ ਦੇ ਸਿਖਰ ਵਲ ਜਾ ਰਹੀ ਹੈ :

...ਕਿਸੇ ਉੱਨਤ ਸਿਖਰ ਵਲ
ਜਾ ਰਿਹਾ ਸੀ, ਜਾ ਰਿਹਾ ਹੈ,
ਜਾਏਗਾ ਜੀਵਨ-ਵਿਕਾਸ ।

ਉਸ ਦੀ ਨਜ਼ਰ ਵਿਚ ਜੀਵਨ ਇਕ ਵਿਕਾਸ ਹੈ, ਜਿਸ ਦੀ ਅੰਦਰਲੀ ਧੂਹ ਇਕ ਅਗੰਮੀ ਤਾਕਤ ਤੋਂ ਪੈਦਾ ਹੁੰਦੀ ਹੈ ਤੇ ਉਸੇ ਵਲ ਖਿੱਚੀ ਜਾ ਰਹੀ ਹੈ। ਤੇ ਉਸੇ ਤਾਕਤ ਦਾ ਇਕ ਰੂਪ ਹੈ ਪਿਆਰ।

ਇਸ ਕਵੀ ਅਨੁਸਾਰ ਪਿਆਰ ਆਪਣੇ 'ਅਸਲੇ' ਦੀ ਭਾਲ ਹੈ – ਆਪਣੇ ਅਸਲੇ ਦੇ ਗੁਆਚੇ ਹੋਏ ਅਧ-ਟੋਟੇ ਦੀ ਭਾਲ ! ਆਸ਼ਕ ਕੀ ਨੇ ?

ਅਪਣਾ ਆਪਾ ਭਾਲਣ ਕਾਰਨ
ਨਿੱਤ ਲੈਣ ਅਉਤਾਰ।

ਪਿਆਰ ਕੀ ਹੈ ? 'ਸ੍ਹੈ ਪੂਰਨਤਾ ਦੀ ਲਗਨ', 'ਰੂਹ ਦੀ ਇਕ ਭੁੱਖ', ਜਿਸ ਦੀ ਸ਼ਕਤੀ ਵਿਚੋਂ ਜੋਧੇ ਅਤੇ ਕਲਾਕਾਰ ਪੈਦਾ ਹੋਏ। ਇਸੇ ਦੀ ਪ੍ਰੇਰਨਾ ਨਾਲ ਨਾਚ, ਸੰਗੀਤ, ਕਵਿਤਾ ਆਦ ਦੇ ਹੁਨਰਾਂ ਦੀ ਰਚਨਾ ਹੋਈ। ਇਸੇ ਦੀ ਅਗੰਮੀ ਧੂਹ ਨੇ ਮਨੁੱਖ ਦੇ ਅੰਦਰ ਧਰਮ-ਕਲਾ ਅਸਥਾਪਨ ਕੀਤੀ। ਦਿਲ ਵਿਚ ਇਸ ਦੇ ਪਰਵੇਸ਼ ਕਰਨ ਨਾਲ ਮਨੁੱਖ ਦਾ ਅਸਲਾ ਇਤਨਾ ਸੂਖਮ ਹੋ ਜਾਂਦਾ ਹੈ ਕਿ ਉਹ ਸਾਰੇ ਜੀਵਨ ਵਿਚ **'ਇਕ ਹੋਰ ਜਹੀ ਵਾਸ਼ਨਾ'** ਬਣ ਕੇ ਛਾ ਜਾਂਦਾ ਹੈ। ਇਹ ਵਾਸ਼ਨਾ, ਮਿੱਟੀ, ਮਾਸ, ਅਤਰ ਆਦਿ ਕੋਮਲ ਤੋਂ ਕੋਮਲ ਖੁਸ਼ਬੋਆਂ, ਸਗੋਂ ਦਿਲ ਦੇ ਸੂਖਮ ਤੋਂ ਸੂਖਮ ਭਾਵਾਂ ਤੋਂ ਵੀ ਕੋਮਲ ਹੋ ਦਿਸਦੀ ਹੈ। ਜੀਵਨ ਇਕ ਖੇੜੇ ਨਾਲ ਭਰ ਜਾਂਦਾ ਹੈ,

ਫਿਰ ਉਸ ਨੂੰ ਜਿਸ ਥਾਂ ਤੋਂ ਵੀ ਛੂਹੋ, ਕੋਮਲਤਾ, ਖੁਸ਼ੀ ਤੇ ਪਿਆਰ ਹੀ ਮਿਲਦਾ ਹੈ।

... ...

ਇਸ ਕਵੀ ਦੇ ਰਾਹੀਂ ਪੰਜਾਬੀ ਕਵਿਤਾ ਇਕ ਨਵੇਂ ਦੌਰ ਵਿਚ ਦਾਖਲ ਹੁੰਦੀ ਹੈ। ਅਗੇ ਕਵਿਤਾ ਜਾਂ ਤਾਂ ਨਿਰੀ ਜਜ਼ਬੇ ਵਾਲੀ ਹੁੰਦੀ ਸੀ – ਤੇ ਜਜ਼ਬਾ ਵੀ ਉਹ ਸੀ ਜੋ ਸਾਧਾਰਨ ਮਨੁੱਖੀ ਪੱਧਰ ਤੋਂ ਉਠਦਾ ਸੀ, ਜਾਂ ਸਰੂਂ ਦੀਆਂ ਖੇਤੀਆਂ ਤੇ ਅੰਬਾਂ ਦੀਆਂ ਡਾਲੀਆਂ ਤੋਂ ਪੈਦਾ ਹੁੰਦਾ ਸੀ – ਜਾਂ ਫਿਰ ਨਿਰੀਆਂ ਸਿਆਣਪਾਂ ਜਾਂ ਦਿਮਾਗੀ ਘੁੱਤਰਾਂ ਵਾਲੀ ਹੁੰਦੀ ਸੀ, ਜੋ ਕੋਰੀ ਜਹੀ, ਖੁਸ਼ਕ ਜਹੀ, ਤੇ ਭਾਵਕਤਾ ਤੋਂ ਸਖਣੀ ਹੋਣ ਕਰਕੇ ਦਿਮਾਗ਼ ਨੂੰ ਚਟਦੀ ਸੀ। ਇਸ ਕਵੀ ਵਿਚ ਖਿਆਲਾਂ ਦੀ ਕੋਮਲਤਾ ਦੇ ਨਾਲ ਨਾਲ ਇਕ ਦਿਮਾਗੀ ਰਸਿਕਤਾ ਤੇ ਰਸਿਕ ਸੂਝ ਹੈ, ਜੋ ਮਨ ਦੀਆਂ ਉੱਚੀਆਂ ਬਿਰਤੀਆਂ ਨੂੰ ਟੁੰਬਦੀ ਤੇ ਵਲਵਲੇ ਉੱਤੇ ਉੱਚੀ ਸੂਝ ਦਾ ਚਾਨਣ ਸੁਟਦੀ ਹੈ। ਕਵੀ ਦੇ ਖਿਆਲ ਆਪਣੀ ਗੂੜ੍ਹਤਾ ਦੇ ਬਾਵਜੂਦ ਵੀ ਔਖੇ ਨਹੀਂ, ਸੂਖਮ ਜ਼ਰੂਰ ਹਨ। ਦਿਮਾਗ਼ੀ ਗੁੰਝਲਾਂ ਕਿਤੇ ਨਹੀਂ ਪੈਂਦੀਆਂ, ਕਿਉਂਕਿ ਭਾਵ ਦਾ ਜੋਸ਼ ਰਵਾਂ ਹੈ। ਕਿਸੇ ਨੇ ਕਿਹਾ ਹੈ, ਕਵਿਤਾ ਦਾ ਸਭ ਤੋਂ ਵੱਡਾ ਗੁਣ ਭਾਵ ਦੀ ਸਰਲਤਾ ਹੁੰਦਾ ਹੈ। ਇਸ ਕਵੀ ਵਿਚ ਇਹ ਗੁਣ ਚੱਪੇ ਚੱਪੇ ਤੇ ਠਾਨਾਂ ਮਾਰਦਾ ਹੈ। ਕਿਸੇ ਥਾਂ ਵੀ ਬਣਾਵਟ ਜਾਂ ਇਹਸਾਸ ਦਾ ਦਿਖਾਵਾ ਨਹੀਂ ਕੀਤਾ ਹੋਇਆ।

ਕਵਿਤਾ ਦੇ ਵਿਸ਼ੇ ਵੀ ਅਧਵਾਟਿਓਂ ਲਏ ਹੋਏ ਵਿਕੋਲਿਤਰੇ ਤਜਰਬੇ ਨਹੀਂ ਸਗੋਂ ਸਮੂਚੀ ਮਨੁੱਖਤਾ ਦੇ ਵਿਗਾਸ ਤੇ ਉਸ ਦੀਆਂ ਅਜੋਕੀਆਂ ਉਲਝਣਾਂ ਉੱਤੇ ਚਾਨਣਾ ਪਾਉਂਦੇ ਹਨ ਤੇ ਇਕ ਸੁਲਝੀ ਹੋਈ ਅਗਵਾਈ ਦਿੰਦੇ ਹਨ। ਕਵੀ ਸਚਮੁਚ ਆਪਣੇ ਸਮੇਂ ਦੇ ਜਜ਼ਬੇ ਤੇ ਖਿਆਲ ਦਾ ਆਗੂ ਹੁੰਦਾ ਹੈ। ਉਸ ਦੀ ਨਜ਼ਰ ਇਤਨੀ ਤਿੱਖੀ ਹੁੰਦੀ ਹੈ ਕਿ ਉਹ ਔਖੇ ਤੋਂ ਔਖੇ ਸੁਆਲਾਂ ਦੀ ਤਹਿ ਤਕ ਪਹੁੰਚ ਜਾਂਦਾ ਹੈ, ਤੇ ਫਿਰ ਬਿਨਾਂ ਕਿਸੇ ਲਿਹਾਜ਼ ਜਾਂ ਡਰ ਦੇ ਜ਼ਮਾਨੇ ਦੀਆਂ ਅੰਕੜਾਂ ਉਪਰ ਆਪਣੀ ਰਾਏ ਪਰਗਟ ਕਰਦਾ ਹੈ ਤੇ ਅਗਵਾਈ ਦਿੰਦਾ ਹੈ। ਇਸ ਕਵੀ ਵਿਚ ਇਹੋ ਜਿਹੀ ਤਿੱਖੀ ਸੂਝ ਤੇ ਮਿੱਠੀ ਭਾਵਕਤਾ ਮੌਜੂਦ ਹੈ ਜਿਸ ਨਾਲ ਇਸ ਦੀ ਪ੍ਰੇਰਨਾ-ਸ਼ਕਤੀ ਬੜੀ ਪਰਬਲ ਹੋ ਜਾਂਦੀ ਹੈ।

ਇਹੋ ਜਹੀ ਕਵਿਤਾ ਦੀ ਪੰਜਾਬੀ ਵਿਚ ਬੜੀ ਲੋੜ ਸੀ। ਹੁਣ ਕੋਈ ਇਹ ਨਹੀਂ ਕਹਿ ਸਕੇਗਾ ਕਿ ਪੰਜਾਬੀ ਕਵਿਤਾ ਨਿਰੀ ਸਿੱਧੜ ਜਹੀ ਤੇ ਪੋਂਡੂ-ਮੇਲ ਹੀ

ਹੋਂਦੀ ਹੈ। ਇਸ ਕਵੀ ਦੀ ਕਵਿਤਾ ਨੇ ਸਿਧ ਕਰ ਦਿੱਤਾ ਹੈ ਕਿ ਇਸ ਬੋਲੀ ਵਿਚ ਕੋਮਲ ਤੋਂ ਕੋਮਲ ਤੇ ਡੂੰਘੇ ਤੋਂ ਡੂੰਘੇ ਭਾਵ ਪੂਰੀ ਕਲਾ ਨਾਲ ਪ੍ਰਗਟਾਏ ਜਾ ਸਕਦੇ ਹਨ। ਇਸ ਕਵਿਤਾ ਨੂੰ ਪੜ੍ਹਨ ਲਗਿਆਂ ਤੇ ਖਾਸ ਕਰ ਸੁਣਨ ਲਗਿਆਂ, ਪੈਰ ਜ਼ਿਮੀਂ ਤੋਂ ਸੁਭਾਵਕ ਪਏ ਉਠਦੇ ਹਨ, ਦਿਲ ਵਿਚ ਜੋਸ਼ ਭਰਦਾ ਹੈ ਤੇ ਹੀਆ ਕਿਸੇ ਆਹਰੇ ਲਗ ਉਠਦਾ ਹੈ।

ਬੋਲੀ ਵੀ ਇਸ ਦੀ ਨਿਰੀ ਸਾਦ-ਮੁਰਾਦੀ ਜਹੀ ਨਹੀਂ। ਇਸ ਵਿਚ ਜੋਸ਼ ਹੈ, ਬਲ ਹੈ ਤੇ ਪ੍ਰੇਰਨਾ ਹੈ। ਇਸ ਕਵਿਤਾ ਨੇ ਪੰਜਾਬੀ ਨੂੰ ਕੋਮਲ ਤੋਂ ਕੋਮਲ ਤੇ ਬਲਵਾਨ ਤੋਂ ਬਲਵਾਨ ਬਣਾ ਦਿਤਾ ਹੈ। ਫਿਰ ਵੀ ਹਰ ਥਾਂ ਤੇ ਇਸ ਦੀ ਬੋਲੀ ਨਿਖਰੀ ਹੋਈ ਰਹਿੰਦੀ ਹੈ, ਕਿਧਰੇ ਵੀ ਉਲਝਦੀ ਨਹੀਂ, ਆਪਣਾ ਮੁਹਾਵਰਾ ਜਾਂ ਠੁਕ ਨਹੀਂ ਗੁਆਉਂਦੀ। ਸ਼ਬਦ-ਭੰਡਾਰ ਵੀ ਬੜਾ ਵਿਸ਼ਾਲ ਹੈ।

ਛੰਦਾ-ਬੰਦੀ ਵਿਚ ਖਾਸ ਗੁਣ ਇਹ ਹੈ ਕਿ ਭਾਵ ਦੇ ਨਾਲ ਨਾਲ ਛੰਦ ਦੀ ਚਾਲ ਚਲਦੀ ਹੈ, ਨਿਰੀ ਮਾਤਰਾ ਦੀ ਇਕਸਾਰਤਾ ਨਹੀਂ ਨਿਭਾਉਂਦੀ। ਨਾ ਹੀ ਇਸ ਵਿਚ ਲਘੂ-ਗੁਰੂ ਦੀ ਠਕ ਠਕ ਰੜਕਦੀ ਹੈ। ਇਹ ਆਪਣੇ ਹੀ ਸੰਗੀਤ ਨਾਲ ਲਹਿਰਦੀ, ਜੰਗਲ ਵਿਚ ਵਹਿੰਦੇ ਸਰਲ ਚਸ਼ਮੇ ਵਾਂਗ ਆਪਣੀ ਹੀ ਗੂੰਜ ਉੱਤੇ ਮਸਤ ਤੁਰੀ ਜਾਂਦੀ ਹੈ।

SIKHBOOKCLUB.COM

ਇਸ ਪੁਸਤਕ ਨੂੰ ਪੜ੍ਹ ਕੇ ਮਨ ਵਿਚ ਇਹ ਖ਼ਿਆਲ ਪੈਦਾ ਹੋ ਸਕਦਾ ਹੈ ਕਿ ਇਸ ਸੰਗ੍ਰਹਿ ਵਿਚ ਕਵਿਤਾ ਥੋੜੀ ਜਹੀ ਹੈ। ਪਰ ਇਸ ਚਸ਼ਮੇ ਦਾ ਵਹਾਓ ਅਜੇ ਮੁਕਿਆ ਨਹੀਂ। ਪੂਰੀ ਉਮੀਦ ਪੈਂਦੀ ਹੈ ਕਿ ਇਹ ਅਜੇ ਹੋਰ ਉਮਡੇਗਾ, ਅਤੇ ਪੰਜਾਬੀ ਦੀ ਸਾਹਿਤ-ਧਰਤੀ ਨੂੰ ਹਰਿਆ ਭਰਿਆ ਕਰੇਗਾ।

ਤੇਜਾ ਸਿੰਘ

੨੫, ਰੇਸ ਕੋਰਸ ਰੋਡ,
ਅੰਮ੍ਰਿਤਸਰ।
੨੯ ਮਈ, ੧੯੫੪

ਮੇਰੇ ਵਲੋਂ

ਮੇਰੇ ਲਈ ਕਵਿਤਾ ਇਕ ਆਤਮਕ ਤਜਰਬਾ ਹੈ। ਕਦੇ, ਕਿਸੇ ਵੇਲੇ, ਕੋਈ ਆਤਮਕ ਪ੍ਰੇਰਨਾ ਮਨ ਵਿਚ ਅਚਾਨਕ ਕੋਈ ਅਨੂਠਾ ਜਜ਼ਬਾ ਜਗਾ ਦਿੰਦੀ ਹੈ। ਓਦੋਂ ਸੁਰਤ ਇਕ ਅਜਿਹੀ ਪੱਧਰ ਤੇ ਚਲੀ ਜਾਂਦੀ ਹੈ ਜਿੱਥੇ ਅਚੇਤ ਮਨ ਦੇ ਕਿੰਗਰਿਆਂ ਤੇ ਲਟਕਦੇ ਚਿਰਾਂ ਤੋਂ ਕੈਦ ਪਏ ਖ਼ਿਆਲਾਂ ਨੂੰ ਝੀਤਾਂ, ਵਿੱਥਾਂ ਥਾਣੀਂ ਬਾਹਰ ਨਿਕਲਣ ਦਾ ਮੌਕਾ ਮਿਲ ਸਕਦਾ ਹੈ। ਵਿਗਿਆਨਕ ਤੇ ਸੁਗਿਆਨਕ ਮੁਤਾਲਿਆ ਤੋਂ ਮਿਲੀ ਜੀਵਨ-ਸੇਧ, ਅਚੇਤ ਮਨ ਵਿਚੋਂ ਨਿਕਲੇ ਇਨ੍ਹਾਂ ਵਿਰੋਲਿਤਰੇ ਖ਼ਿਆਲਾਂ ਨੂੰ ਇਕ ਸੂਤਰ ਵਿਚ ਪ੍ਰੋਣ ਦਾ ਜਤਨ ਕਰਦੀ ਹੈ; ਤੇ ਸੁਹਜ-ਰੁਚੀ ਆਪਣੀਆਂ ਸੁਚੇਤ ਛੁਹਾਂ ਨਾਲ ਇਨ੍ਹਾਂ ਖ਼ਿਆਲਾਂ ਨੂੰ ਇਕ ਅਜਿਹੀ ਭਾਵ-ਲੜੀ ਦਾ ਰੂਪ ਦੇਣ ਦਾ ਜਤਨ ਕਰਦੀ ਹੈ ਜੋ ਮਨੋ-ਥਿਰਤੀਆਂ ਨੂੰ ਟੋਹ ਸਕੇ। ਇਉਂ ਇਕ ਜਾਗੋ-ਮੀਟੀ ਜਹੀ ਵਿਚ ਮੇਰੇ ਅੰਦਰੋਂ ਕਵਿਤਾ ਨਿਕਲਦੀ ਹੈ।

ਅਚੇਤ ਮਨ ਵਿਚ ਕਈ ਥਾਵਾਂ ਤੇ ਕਈ ਸਮਿਆਂ ਤੋਂ ਆਏ ਖ਼ਿਆਲ ਇਕੱਠੇ ਹੁੰਦੇ ਹਨ। ਉਸ ਆਵੇਸ਼ਕ ਅਵਸਥਾ ਵਿਚ ਉਹ ਵਾਹੋ ਦਾਹੀ ਬਾਹਰ ਨਿਕਲ ਭਜਦੇ ਹਨ। ਜਦ ਮੈਂ ਲਿਖੀ ਹੋਈ ਕਵਿਤਾ ਨੂੰ ਦੁਹਰਾਉਂਦਾ ਹਾਂ ਤਾਂ ਕਈ ਵਾਰ ਭਾਉਲਾ ਪੈਂਦਾ ਹੈ ਕਿ ਫ਼ਲਾਣਾ ਖ਼ਿਆਲ ਫ਼ਲਾਣੀ ਥਾਂ ਤੋਂ ਆਇਆ ਹੈ। ਵਿਸ਼ਾਲ ਵਿਦਵਤਾ ਵਾਲੇ ਪਾਠਕ ਅਜਿਹੇ ਖ਼ਿਆਲਾਂ ਦਾ ਨਿਖੇੜਾ ਕਰ ਸਕਦੇ ਹਨ—ਜਿਨ੍ਹਾਂ ਵਿਚੋਂ ਕਈਆਂ ਦਾ ਸ਼ਾਇਦ ਮੈਨੂੰ ਆਪ ਨੂੰ ਵੀ ਪਤਾ ਨਾ ਹੋਵੇ, ਕਿਉਂਕਿ ਉਹਨਾਂ ਦਾ 'ਅਸਲਾ' ਮੇਰੇ ਅਚੇਤ ਮਨ ਦੇ 'ਉਹਲੇ' ਪਿਛੇ ਲੁਕਿਆ ਪਿਆ ਹੈ। ਉਵ ਇਸ ਪੁਸਤਕ ਦੇ ਅੰਤ ਵਿਚ ਜੋ ਨੋਟ ਦਿੱਤੇ ਗਏ ਹਨ ਉਨ੍ਹਾਂ ਵਿਚ ਅਜਿਹੇ ਖ਼ਿਆਲਾਂ ਬਾਰੇ ਸੁਝਾ ਦੇਣ ਦਾ ਜਤਨ ਕੀਤਾ ਗਿਆ ਹੈ।

ਇਸ ਸੰਗ੍ਰਹਿ ਦੇ ਪਹਿਲੇ ਭਾਗ ਵਿਚ ਮਨੁੱਖੀ ਸਮੱਸਿਆਵਾਂ ਦੇ **'ਅਸਲੇ'** ਨੂੰ ਛੂਹਣ ਦਾ ਜਤਨ ਕੀਤਾ ਗਿਆ ਹੈ, ਤੇ ਇਨ੍ਹਾਂ ਸਮੱਸਿਆਵਾਂ ਦਾ ਹਲ ਲਭਣ ਦੀ ਕੋਸ਼ਿਸ਼ ਕੀਤੀ ਹੈ। ਦੂਜੇ ਭਾਗ ਵਿਚ ਜੀਵਨ ਅਤੇ ਪਿਆਰ ਬਾਬਤ ਮੇਰੇ ਖ਼ਿਆਲ ਹਨ, ਜੋ ਰੋਮਾਂਚਕ **'ਉਹਲੇ'** ਪਿਛੋਂ ਝਾਤੀਆਂ ਮਾਰਦੇ ਹਨ। ਤੀਜੇ ਭਾਗ ਵਿਚ ਕੁਝ ਨਿੱਜੀ ਯਾਦਾਂ ਹਨ, ਜੋ ਮੇਰੇ ਜੀਵਨ ਵਿਚ ਆਪਣੇ **'ਪੈਰ-ਚਿੱਤਰ'** ਛਡ ਗਈਆਂ ਹਨ। ਚੌਥੇ ਭਾਗ ਵਿਚ ਭਾਵਾਂ ਦੇ **'ਕਿੰਗਰਿਆਂ'** ਤੋਂ ਝਾਤੀਆਂ ਮਾਰਦੇ ਨਿੱਕੇ ਨਿੱਕੇ ਸੁਪਨੇ ਹਨ, ਜੋ ਚੌਬਰਗਿਆਂ ਦੇ ਰੂਪ ਵਿਚ ਸਾਕਾਰ ਹੋਏ ਹਨ।

ਮੇਰੀਆਂ ਸਾਹਿਤਕ ਰੁਚੀਆਂ ਨੂੰ ਘੜਨ ਢਾਲਣ ਵਿਚ ਦੋ ਸ਼ਖਸੀਅਤਾਂ ਦਾ ਬੜਾ ਹੱਥ ਹੈ। ਮੇਰੇ ਹੈਡਮਾਸਟਰ, ਸੁਰਗਵਾਸੀ ਪ੍ਰੋ: ਬੀਰ ਸਿੰਘ (ਕਰਤਾ 'ਮੁਲਕ ਮਾਹੀ ਦਾ ਵੱਸੇ') ਨੇ ਮੇਰੇ ਅੰਦਰ ਵਿਗਿਆਨਕ ਸੂਝ ਉਜਾਗਰ ਕੀਤੀ। ਉਨ੍ਹਾਂ ਨੇ ਸੁਚੱਜੀ ਸਾਹਿਤ-ਪੜਚੋਲ ਰਾਹੀਂ ਮੈਨੂੰ ਮੇਰੇ ਸਾਹਿਤਕ ਗੁਣਾਂ ਤੇ ਔਗੁਣਾਂ ਤੋਂ ਜਾਣੂ ਕਰਾਇਆ। ਉਹਨਾਂ ਦੀ ਅਮਰ-ਬੁਧਵਾਨ ਸ਼ਖਸੀਅਤ ਦੀ ਛਾਪ ਮੈਂ ਆਪਣੀ ਜ਼ਿੰਦਗੀ ਵਿਚ ਮਹਿਸੂਸ ਕਰਦਾ ਹਾਂ। ਘਰ ਵਿਚ, ਮੇਰੇ ਦਾਦਾ ਜੀ, ਸ: ਕੇਸਰ ਸਿੰਘ ਜੀ, ਨੇ ਬ੍ਰਜ-ਭਾਸ਼ਾ, ਹਿੰਦੀ, ਫ਼ਾਰਸੀ ਤੇ ਪੁਰਾਤਨ ਪੰਜਾਬੀ ਕਵਿਤਾ ਪੜ੍ਹਾ ਕੇ ਮੈਨੂੰ ਸਨਾਤਨੀ ਕਵਿਤਾ ਦੀ ਮਹੱਤਤਾ ਤੇ ਮਹਾਨਤਾ ਨਾਲ ਜਾਣੂ ਕਰਾਇਆ। ਮੇਰਾ ਰੂਆਂ ਰੂਆਂ ਇਨ੍ਹਾਂ ਦੋਹਾਂ ਦਾ ਧੰਨਵਾਦੀ ਹੈ।

ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਮੇਰੀ ਕਵਿਤਾ ਦਾ ਮੁਲ ਪਾ ਕੇ ਮੈਨੂੰ ਇਹ ਸੰਗ੍ਰਹਿ ਛਪਾਣ ਲਈ ਉਤਸ਼ਾਹੀ ਬਣਾਇਆ; ਤੇ ਆਪਣੀ ਮੰਨੀ ਪ੍ਰਮੰਨੀ ਪਾਰਖੂ ਕਲਮ ਤੋਂ ਇਸ ਦੀ ਭੂਮਿਕਾ ਲਿਖ ਕੇ ਮੈਨੂੰ ਨਿਵਾਜਿਆ ਹੈ। ਮੈਂ ਉਹਨਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ।

ਮੇਰੇ ਜੀਵਨ-ਸਾਥੀ 'ਕੰਵਰਜੀਤ' ਤੇ ਮੇਰੀਆਂ ਦੋ ਨਿੱਕੀਆਂ ਭੈਣਾਂ 'ਰਾਜਿੰਦਰ' ਤੇ 'ਅੰਮ੍ਰਿਤ' ਨੇ ਖਰੜਾ ਲਿਖਣ ਵਿਚ, ਤੇ ਕਿਤਾਬ ਦੀ ਸੁਧਾਈ ਵਿਚ ਮੇਰੀ ਸਹਾਇਤਾ ਕਰ ਕੇ ਮੈਨੂੰ ਧੰਨਵਾਦੀ ਬਣਾਇਆ ਹੈ।

ਹੋਰ ਵੀ ਕਈ ਸਨੇਹੀਆਂ ਦਾ ਮੈਂ ਧੰਨਵਾਦੀ ਹਾਂ ਜਿਨ੍ਹਾਂ ਸਾਰਿਆਂ ਦਾ ਨਾਂ ਲੈ ਕੇ ਧੰਨਵਾਦ ਕਰਨਾ ਅਸੰਭਵ ਹੈ।

ਤੇਈ, ਲਾਰੈਂਸ ਰੋਡ,
ਅੰਮ੍ਰਿਤਸਰ।
੭ ਸਤੰਬਰ, ੧੯੫੫

PUNJABIBOOKCLUB.COM

ਦੂਜੀ ਐਡੀਸ਼ਨ ਦਾ ਮੁਖ ਬੰਧ

'ਅਸਲੇ ਤੇ ਉਹਲੇ' ਮੇਰਾ ਪਹਿਲਾ ਕਾਵਿ-ਸੰਗ੍ਰਹਿ ਹੈ, ਜੋ ਅਜ ਤੋਂ ਢਾਈ ਦਹਾਕੇ ਪਹਿਲਾਂ ਪ੍ਰਕਾਸ਼ਿਤ ਹੋਇਆ। ੧੦੦੦ ਕਾਪੀਆਂ ਦੀ ਪਹਿਲੀ ਐਡੀਸ਼ਨ ਮਸਾਂ ੨੫ ਵਰ੍ਹਿਆਂ ਵਿਚ ਮੁੱਕੀ ਹੈ। ਇਹ ਗੱਲ ਆਪਣੇ ਆਪ ਵਿਚ ਇਸ ਕਵਿਤਾ ਦੀ ਆਲੋਚਨਾ ਹੈ। ਜਾਂ ਤਾਂ ਮੇਰੀ ਕਵਿਤਾ ਦਾ ਮਿਆਰ ਪਾਠਕਾਂ ਦੀ ਉਮੀਦ ਤੋਂ ਥੱਲੇ ਰਹਿ ਜਾਂਦਾ ਹੈ, ਜਾਂ ਮੈਂ ਪਾਠਕਾਂ ਵਿਚ ਅਜੇ ਉਸ ਤਰ੍ਹਾਂ ਦੀ ਕਵਿਤਾ ਲਈ ਸੁਆਦ ਨਹੀਂ ਜਗਾ ਸਕਿਆ, ਜਿਸ ਤਰ੍ਹਾਂ ਦੀ ਕਵਿਤਾ ਮੈਂ ਕਹਿੰਦਾ ਹਾਂ। ਹਰ ਹੀਲੇ ਮੈਨੂੰ ਆਪਣੇ ਆਪ ਅੰਦਰ ਝਾਤੀ ਮਾਰਨ ਦੀ ਲੋੜ ਹੈ, ਤੇ ਆਪਣਾ ਇਹ ਫਰਜ਼ ਪਛਾਣਨ ਦਾ ਮੈਂ ਪਾਠਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ। ਪਾਠਕਾਂ ਦਾ ਮੈਂ ਇਸ ਭਰਪੂਰ ਅਲੋਚਨਾ ਲਈ ਰਿਣੀ ਹਾਂ।

ਤ੍ਰਿਲੋਚਨ ਲੋਚੀ

੩੭/ਸੈਕਟਰ ੪
ਚੰਡੀਗੜ੍ਹ
੨੮-੮-੮੦

SIKHBOOKCLUB.COM

ਅਸਲੇ

SIKHBOOKCLUB.COM

SIKHBOOKCLUB.COM

ਫੁੱਲ ਜਾਂ ਵੱਟੇ

SIKHBOOKCLUB.COM

ਸੈ ਵਰ੍ਹਿਆਂ ਦੀ ਸੱਧਰ ਮੌਲੀ,
ਜਾਗੀ ਮਿੱਟੀ ਮੋਈ :
ਪੀੜਾਂ ਪੈ ਪੈ ਜੰਮੀ ਕਵਿਤਾ
ਆ ਗਭਰੇਟੀ ਹੋਈ।
ਅਮਰ ਕਲਪਨਾ ਨਾਲ ਸ਼ਿੰਗਾਰੀ,
ਸੁਹਜਾਂ ਵਿਚ ਸਮੇਟੀ,
ਜਜ਼ਬਿਆਂ ਨਾਲ ਕਲਾਵੇ ਭਰ੍ਹਦੀ,
ਡਰ, ਹੈਰਾਨੀ, ਪਿਆਰ, ਖ਼ੁਸ਼ੀ ਦੇ
ਸੌ ਸੌ ਸਾਗਰ ਤਰ੍ਹਦੀ ;
ਨਾਲ ਜੁਆਨੀ ਅੰਗ ਅਲਸਾਏ, ੧੦

ਨਾਲ ਗਿਆਨ ਰੂਹ ਭਾਰੀ,
ਹੱਥਾਂ ਵਿਚ ਮਸਤੀ ਦਾ ਪਿਆਲਾ,
ਪੈਰਾਂ ਵਿਚ ਉਡਾਰੀ;
ਅੱਖਾਂ ਵਿਚ ਸੁਪਨੇ ਲਟਕਾਈ,
ਬਿਜਲੀਆਂ ਵਿਚ ਵਲ੍ਹੇਟੀ,
ਆਖਰ ਇੱਕ ਰਾਂਝਣ ਦੀ ਪਹੁੰਚੀ
ਸਿਕਦੀ ਹੀਰ ਸਲੇਟੀ।
ਕਰ ਕੇ ਭੇਖ ਭਿਖਾਰਨ ਵਾਲਾ
ਗਲ ਵਿਚ ਪਾ ਕੇ ਝੋਲੀ,
ਸ਼ਰਧਾਵਾਨਾਂ ਦੇ ਪਿੜ ਅੰਦਰ ੨੦
ਇਕ ਰੋਟੀ ਦੇ ਟੁਕੜੇ ਖ਼ਾਤਰ
ਤੁਰ ਪਈ ਹੌਲੀ ਹੌਲੀ!

SIKHBOOKCLUB.COM

ਸੰਝ ਪਈ, ਤਰਕਾਲਾਂ ਪਈਆਂ,
ਆ ਗਈ ਨਿੰਮੋਝੂਣੀ,
ਚਿਹਰੇ ਉੱਤੇ ਚਿੰਨ੍ਹ ਚਿੰਤਾ ਦੇ,
ਗਲ ਦੀ ਝੋਲੀ ਊਣੀ;
ਭੁੱਖ ਨਾਲ ਸਭ ਨਕਸ਼ ਗੁਆਚੇ,
ਬੁਲ੍ਹੀਂ ਪੇਪੜ ਜੰਮੇ,
ਮੰਦੇ ਹਾਲ, ਬੋਲ ਨਾ ਨਿਕਲਣ,

ਸਾਹ ਉਭੇ ਤੇ ਲੰਮੇ ; ੩੦
ਥੱਕੇ-ਮਾਂਦੇ ਪੈਰਾਂ ਅੰਦਰ
ਪਈਆਂ ਲੱਖ ਕੁੜੱਲਾਂ ;
ਉਡਿਆ ਰੰਗ, ਖੜੋਤੀ ਧੜਕਣ,
ਸੀਨਾ ਵਿਨ੍ਹਿਆ ਸੱਲਾਂ ।
ਫੱਟੀ-ਗੁੱਡੀ, ਡਿਗਦੀ-ਢਹਿੰਦੀ,
ਧੌਂਹ ਕਰਦੀ ਆ ਢੱਠੀ ;
ਆਪ ਚੁਫਾਲ ਪਈ ਧਰਤੀ ਤੇ,
ਝੋਲੀ ਹੋ ਗਈ ਪੁੱਠੀ ;
ਧਰਤੀ ਤੇ ਬੇਪੜਦ ਹੋ ਗਈ
ਉਸ ਦੀ ਕਿਸਮਤ ਖੋਟੀ ; ੪੦
ਝੋਲੀ ਵਿਚ ਸਨ ਫੁੱਲ ਜਾਂ ਵੱਟੇ,
ਇੱਕ ਨ ਉਸ ਵਿਚ ਰੋਟੀ ।

ਅੰਮ੍ਰਿਤਸਰ ੨੦ ਅਪ੍ਰੈਲ ੧੯੫੩

SIKHBOOKCLUB.COM

ਦੰਦਕੀੜਾਂ

SIKHBOOKCLUB.COM

ਹੜਬੂੰ ਹੜਬੂੰ ਕਰੇ ਮਨੁੱਖ—
ਕੁਝ ਉਹਨੂੰ ਖਾਧਾ ਢਿਡ ਦੀ ਭੁੱਖ ਨੇ,
ਕੁਝ ਘੁਣ ਬਣ ਬਣ ਖਾ ਰਹੇ ਉਸਨੂੰ
ਹੋਰ ਮਾਨਸਿਕ ਦੁੱਖ !
ਲਾਲ ਬਿੰਬ ਬੰਦਿਆਂ ਦੇ ਮੂੰਹ,
ਮੱਥੇ ਵੱਟ, ਅੱਖਾਂ ਵਿਚ ਖ਼ੂਨ ;
ਮਰਦ ਪਿਆ ਔਰਤ ਨੂੰ ਖਾਏ,
ਔਰਤ ਬੱਚਿਆਂ ਤੇ ਹਲਕਾਏ :
"ਰੁੜ੍ਹ-ਪੁੜ੍ਹ-ਜਾਣਿਓ, ਰੰਡੀ-ਛੋੜੋ,
ਨਿੱਜ-ਨ-ਜੰਮਦਿਓ, ਬੇੜੀ-ਬੋੜੋ !" ੧੦

ਨਾ ਓਹ ਮਰਨ ਨ ਰੁੜ੍ਹ-ਪੁੜ੍ਹ ਜਾਣ,
ਪਰ ਦੰਦਕੀੜਾਂ ਵਟਦੇ ਜਾਣ;
ਵਿਹੜੇ ਵਿਚ ਕੀੜਿਆਂ ਦਾ ਭਉਣ—
ਉਸਦੀਆਂ ਰੁੱਡਾਂ ਵਿਚ ਪਏ ਓਹ
ਤੇਲ ਕਲਕਦਾ ਪਾਣ।
ਕੁਰਬਲ ਕੁਰਬਲ ਕਰਦੇ ਕੀੜੇ,
ਕੁਰਬਲ ਕੁਰਬਲ ਕਰਦੇ ਮੁੰਡੇ;
ਹਰ ਤੁੰਡੀ ਹੋਈ ਜਿੰਦ ਪਈ
ਅਜ ਹੋਰ ਕਿਸੇ ਨੂੰ ਤੁੰਡੇ।
ਕੋਠੇ ਤੇ ਇਲੜਾ ਮੰਡਲਾਏ, ੨੦
ਬੰਬਾਂ ਨਾਲ ਲੱਦਿਆ ਜਿੱਦਾਂ
ਪਾਰੋਂ ਉਡਣ-ਖਟੋਲਾ ਆਏ।
ਹੜਬੂੰ ਹੜਬੂੰ ਕਰਦੇ ਦੇਸ:
ਸੱਭ ਦੇਸਾਂ ਦੀਆਂ ਦਿੱਸਣ ਹੱਦਾਂ
ਖਿਚੀਆਂ ਹੋਈਆਂ ਨਕਸ਼ਿਆਂ ਉਤੇ,
ਪਰ ਧਰਤੀ ਤੇ ਇਹ ਸਰਹੱਦਾਂ
ਨਿੱਤ ਪਸਰਦੀਆਂ ਜਾਣ।
ਕਿਧਰੇ ਦਿੱਸਣ ਸਾਮਰਤੱਖ,
ਕਿਤੇ ਫੈਲਦੀਆਂ ਨਜ਼ਰ ਨਾ ਆਉਣ,
ਵੇਖ ਨ ਸੱਕੇ ਅੱਖ! ੩੦

SIKHBOOKCLUB.COM

ਅੱਜ ਐਟਮ ਤੋਂ ਜੰਗ ਮਹੀਨ,
ਅੱਜ ਦੇਸਾਂ ਨੂੰ ਜਿੱਤਣ ਖ਼ਾਤਰ
ਨਿਕਲੀ ਨਵੀਂ ਮਸ਼ੀਨ।
ਅਜ ਜਿੱਤੇ ਹੋਏ ਦੇਸਾਂ ਅੰਦਰ
ਕੋਈ ਬਦੇਸੀ ਰਾਜ ਨਹੀਂ ਕਰਦੇ,
ਝੁਲਦੇ ਨਹੀਂ ਓਪਰੇ ਝੰਡੇ,
ਚਲਦੇ ਨਹੀਂ ਨਵੇਂ ਕੋਈ ਸਿੱਕੇ;
ਰਾਜ ਉਥੋਂ ਦੇ ਲੋਕੀਂ ਕਰਦੇ—
ਚੁਣਦੇ ਪੰਚ, ਬਣਾਉਂਦੇ ਮੈਂਬਰ,
ਘੜਦੇ ਨਵੇਂ ਵਿਧਾਨ; ੪੦
ਐਪਰ ਹੜਬੂੰ ਹੜਬੂੰ ਕਰਦੇ
ਵਡੇ ਜੇਤੂ ਦੇਸ—
ਉਪਰੋਂ ਮਿੱਠੇ ਮਿਤਰਾਂ ਵਾਙੂ,
ਮਾਵਾਂ ਵਾਙੂ, ਲੋਕਾਂ ਵਾਙੂ—
ਅੰਦਰੇ ਅੰਦਰ ਜੋਕਾਂ ਵਾਙੂ
ਜਿੱਤੇ ਹੋਏ ਇਨ੍ਹਾਂ ਦੇਸਾਂ ਦਾ
ਖ਼ੂਨ ਚੂਸਦੇ ਜਾਣ!

ਖ਼ੂਨੋਂ ਸਖਣੀਆਂ ਦਿੱਸਣ ਨਾੜਾਂ,
ਦੁੱਧੋਂ ਸਖਣੀਆਂ ਦਿੱਸਣ ਮਾਵਾਂ,

SIKHBOOKCLUB.COM

ਖ਼ੂਨੋਂ ਸਖਣੇ ਨਿੱਤ ਜ਼ਿਹੜੀਆਂ ੫੦
ਬੱਚੇ ਜਣਦੀਆਂ ਜਾਣ—
ਹੜਬੂੰ ਹੜਬੂੰ ਕਰਨ ਜਿਨ੍ਹਾਂ ਨੂੰ
ਜੰਮਦੇ ਸਾਰ ਸਿਖਾਣ।
ਹੜਬੂੰ ਹੜਬੂੰ ਕਰਦੇ ਬੱਚੇ,
ਹੜਬੂੰ ਹੜਬੂੰ ਕਰਦੇ ਬੁੱਢੇ,
ਅਧਖੜ ਅਤੇ ਜੁਆਨ।

ਅੱਜ ਜੁਆਨੀ ਹੁਸਨ ਦਾ ਨਾਂ ਨਹੀਂ,
ਅੱਜ ਜੁਆਨੀ ਇਸ਼ਕ ਦਾ ਨਾਂ ਨਹੀਂ,
ਹੜਬਾਂ ਵਾਲੀਆਂ ਅਜ ਹੁਸ਼ਨਾਕਾਂ
ਗਿਣੀਆਂ ਜਾਣ ਹੁਸੀਨ, ੬੦
ਬੱਚੇ ਜਣਨ ਵਾਸਤੇ ਜਿਹੜੀਆਂ
ਬਣੀਆਂ ਕੋਈ ਮਸ਼ੀਨ।
ਮੁਠ-ਹਡੀਆਂ-ਦੀ-ਮਜਨੂੰ ਅਜ ਦੇ
ਇਸ਼ਕ ਨੂੰ ਸਮਝਣ ਕਾਮ,
ਅਣਚਾਹੇ, ਅਣਲੋਚੇ ਬੱਚੇ
ਪੈਦਾ ਕਰਦੇ ਜਾਣ!

ਦੁਨੀਆ ਦੀਆਂ ਗ਼ਰੀਬ ਰਗਾਂ ਵਿਚ

ਧਨਵਾਨਾਂ ਦਾ ਖ਼ੂਨ
ਵਗਦਾ ਪਿਆ ਨਿਝੱਕ, ਨਿਲੱਜਾ,
ਹੜਬੂੰ ਹੜਬੂੰ ਕਰਦਾ ; ੭੦
ਡੋਲਿਆਂ ਅੰਦਰ ਫਰਕਣ ਭਰਦਾ,
ਸੀਨਿਆਂ ਅੰਦਰ ਤੜਫਣ ਭਰਦਾ,
ਦੰਦਾਂ ਵਿਚ ਭਰਦਾ ਦੰਦਕੀੜਾਂ,
ਅਜ ਪਰਲੋ ਬਣ ਉਠਣਾ ਲੋਚਣ
ਜਨਮ ਜਨਮ ਦੀਆਂ ਪੀੜਾਂ :
ਅਜ ਸਦੀਆਂ ਦੀ ਬੇਇਨਸਾਫ਼ੀ
ਮੁਨਸਫ਼ ਬਣਨਾ ਲੋਚੇ ;
ਅਜ ਸਦੀਆਂ ਦੀ ਲੁੱਟੀ ਇਸਮਤ
ਕਿਸਮਤ ਭੰਨਣਾ ਲੋਚੇ ;
ਅਜ ਕਾਮੇ ਦੀ ਗਾਹੜੀ ਮਿਹਨਤ ੮੦
ਸਭ ਕੁਝ ਢਾਹੁਣਾ ਲੋਚੇ ;
ਅਜ ਕਿਰਸਾਣ ਵਾਸਿਆਂ ਤਾਈਂ
ਰੜੇ ਬਣਾਉਣਾ ਲੋਚੇ ।
ਅਜ ਦੁਨੀਆ ਦੇ ਹਰ ਕਾਮੇ ਵਿਚ
ਧਨਵਾਨਾਂ ਲਈ ਨਫ਼ਰਤ ;
ਅਜ ਜਗ ਦੇ ਧਨਵਾਨਾਂ ਅੰਦਰ
ਹਰ ਕਾਮੇ ਲਈ ਲਾਅਨਤ ।

SIKHBOOKCLUB.COM

ਅਜ ਜਗ ਦੀ ਸਰਮਾਏਦਾਰੀ
ਕੁਲ ਮਿਹਨਤ ਤੇ ਸ਼ੱਕੀ,
ਅਜ ਦੁਨੀਆ ਦੀ ਸਾਰੀ ਮਿਹਨਤ ੯੦
ਇਕ ਸਾਜ਼ਸ਼ ਤੇ ਲੱਥੀ—
ਹੜਬੂੰ ਹੜਬੂੰ ਕਰਦੀਆਂ ਡਾਂਗਾਂ,
ਹੜਬੂੰ ਹੜਬੂੰ ਕਰਦੀਆਂ ਛਵੀਆਂ
ਮਾਨਵਤਾ ਦੇ ਗੰਦੇ ਖ਼ੂਨ 'ਚ
ਚੁਲੀਆਂ ਭਰਨਾ ਚਾਹੁਣ ।
ਬਦਲ ਰਿਹਾ ਹੈ ਰੰਗ ਖ਼ੂਨ ਦਾ,
ਬਦਲ ਰਿਹਾ ਹੈ ਰੰਗ ਧਰਤੀ ਦਾ ;
ਖ਼ੂਨ ਹੋ ਰਿਹੈ ਪੀਲਾ ਪੀਲਾ,
ਫਿੱਕਾ ਫਿੱਕਾ,
ਧਰਤ ਹੋ ਰਹੀ ਲਾਲੋ ਲਾਲ । ੧੦੦
ਝੁਟੀਆਂ ਮਾਰੇ ਹਰ ਥਾਂ ਕਾਲ ।
ਹਰ ਪਾਸੇ ਪਸਰੀ ਹੋਈ ਨਫ਼ਰਤ,
ਹਰ ਪਾਸੇ ਵਟੀਆਂ ਦੰਦਕੀੜਾਂ,
ਪਿਛਲੇ ਦਰਦ ਖ਼ਤਮ ਨ ਹੋਏ,
ਨਵੀਆਂ ਆਣ ਦੰਬੜੀਆਂ ਪੀੜਾਂ—
ਕਿਧਰ ਜਾਏ ਇਨਸਾਨ ?

ਮੂੰਹੋਂ ਮੰਗੇ ਅਮਨ ਅਮਾਨ

SIKHBOOKCLUB.COM

ਪਰ ਦਿਲ ਦੀਆਂ ਡੂੰਘਾਣਾਂ ਅੰਦਰ
ਡੂੰਘੀ ਨਫ਼ਰਤ ਦੇ ਤੂਫ਼ਾਨ ।
ਅੰਦਰਖ਼ਾਨੇ ਘੜੇ ਜਾ ਰਹੇ ੧੧੦
ਜੰਗਾਂ ਦੇ ਸਾਮਾਨ !
ਮੂੰਹੋਂ ਕੂਕੇ 'ਸ਼ਾਂਤੀ ! ਸ਼ਾਂਤੀ !'
ਪਰ ਦਿਲ ਵਿਚ ਭਰੀ ਹੋਈ ਘਿਰਣਾ
ਦੁਨੀਆ ਦੇ ਤਖ਼ਤੇ ਤੇ ਕਰਨਾ
ਲੋਚੇ ਖ਼ੂਨੀ ਕਰਾਂਤੀ ।
ਬੱਤੀ ਦੰਦਾਂ 'ਚੋਂ ਮੰਗ ਅਮਨ ਦੀ,
ਬੱਤੀ ਦੰਦਾਂ ਵਿਚ ਸੌ ਦੰਦਕੀੜਾਂ ;
ਨਫ਼ਰਤ 'ਚੋਂ ਕੀ ਜੰਮ ਸਕਦਾ ਏ ?—
ਉਥਲ-ਪੁਥਲ, ਸਾਜ਼ਸ਼, ਜੁਗ-ਗਰਦੀ,
ਖ਼ੂਨ-ਖ਼ਰਾਬੇ, ਪਰਲੋ-ਪੀੜਾਂ ! ੧੨੦
ਸੜਦੇ ਜਗ ਵਿਚ ਨਫ਼ਰਤ ਕਿੱਦਾਂ
ਠੰਢ ਦਏ ਵਰਤਾ ?
ਬਲਦੀ ਉੱਤੇ ਤੇਲ ਛਿੜਕ ਕੇ
ਸਕਦੈ ਕੌਣ ਬੁਝਾ ?
'ਸ਼ਾਂਤੀ, ਸ਼ਾਂਤੀ !' ਕੂਕਣ ਵਾਲਿਓ
ਸੋਚੋ ਕੋਈ ਉਪਾ !

ਖ਼ੂਨ ਦੇ ਸੋਹਿਲੇ ਗਾਣ ਵਾਲਿਓ

ਨਫ਼ਰਤ ਨਾ ਫੈਲਾਓ,
ਹੜਬੂੰ ਹੜਬੂੰ ਕਰਨ ਵਾਲਿਓ
ਤ੍ਰਿਸ਼ਨਾ ਨੂੰ ਠਲ੍ਹ ਪਾਓ। ੧੩੦
ਜੀਂਦੀ ਰਹਿਣ ਦਿਓ ਮਾਨਵਤਾ,
ਸਿਸਕ ਰਹੀ ਅਜ ਜਿੰਦ ਏ ਜਿਸ ਦੀ
ਉਸ ਮਾਨੁਖਤਾ ਦੇ ਮੂੰਹ ਅੰਦਰ
ਬੂੰਦ ਰਹਿਮ ਦੀ ਪਾਓ।
ਫੱਟੀ-ਗੁੱਡੀ ਮਾਨਵਤਾ ਤੇ
ਤਰਸ ਜ਼ਰਾ ਤੇ ਖਾਓ;
ਕੁਝ ਕਰ ਸਕਦੇ ਹੋ ਤਾਂ ਆਓ—
ਮਲ੍ਹਮ ਕੋਈ ਪਿਆਰ ਦੀ ਲਾ ਕੇ
ਚੁਣ ਲਉ ਇਸ ਦੀਆਂ ਪੀੜਾਂ,
ਜੁਗਾਂ ਜੁਗਾਂ ਤੋਂ ਵਟੀਆਂ ਹੋਈਆਂ ੧੪੦
ਖੋਲ੍ਹ ਦਿਓ ਦੰਦਕੀੜਾਂ!

ਅੰਮ੍ਰਿਤਸਰ ੧੦ ਜਨਵਰੀ ੧੯੫੩

SIKHBOOKCLUB.COM

ਵਿੱਥਾਂ

SIKHBOOKCLUB.COM

ਕੀ ਕੋਈ ਅਪਣਾ ਹਾਲ ਸੁਣਾਏ ?

ਸੁੰਞਾਂ ਦੇ ਸਾਮਾਨ ਬਣੇ ਹੋਏ,
ਫ਼ਾਸਲਿਆਂ ਦੇ ਜਾਲ ਤਣੇ ਹੋਏ ;
ਸਭ ਵਿੱਥਾਂ ਤੇ ਖੜਿਆਂ ਵੇਖਣ
ਦੂਰ-ਦੁਰਾਡੇ ਦੇ ਦੇਸਾਂ ਦੇ
ਮੱਧਮ ਮੱਧਮ ਸਾਏ !

ਅਰਸ਼ਾਂ ਦੇ ਵਿਚ ਜੜੇ ਸਿਤਾਰੇ,
ਬਾਗ਼ਾਂ ਵਿਚ ਜਿਉਂ ਫੁਲ ਵਿਚਾਰੇ :

ਓਹ ਦੋ ਚਾਰ ਦਿਹਾੜੇ ਟਿਮਕੇ,
ਏਹ ਦੋ ਚਾਰ ਦਿਹਾੜੇ ਟਹਿਕੇ, ੧੦
ਫਿਰ ਵਿੱਥਾਂ ਤੇ ਖੜੇ ਖੜੇ
ਉਹ ਟੁੱਟੇ, ਏਹ ਮੁਰਝਾਏ !

ਭਾਵੇਂ ਕਈ ਸੈਂਕੜੇ ਹਿਰਦੇ
ਇਕ ਸੁਰ ਨਿੱਤ ਧੜਕਨਾਂ ਕਰਦੇ,
ਪਰ ਸੀਨੇ ਦੀਆਂ ਦੁਹਰੀਆਂ ਕੰਧਾਂ,
ਸਮੇਂ ਦੀਆਂ ਅਣਮਿਣਵੀਆਂ ਵਿੱਥਾਂ,
ਕੋਹਾਂ ਦੀਆਂ ਅਕਹਿ ਦੂਰਾਈਆਂ
ਵਿੱਚ ਫ਼ਾਸਲੇ ਪਾਏ !
ਕੀ ਕੋਈ ਅਪਣਾ ਹਾਲ ਸੁਣਾਏ !

SIKHBOOKCLUB.COM

ਲਾਹੌਰ ੧੪ ਜੁਲਾਈ ੧੯੪੭



ਆਸ

ਅਪਣੀ ਅਪਣੀ ਥਾਂ ਤੇ 'ਕੱਲੇ,
ਸੁੰਞ, ਇਕੱਲਤਾ ਦੇ ਵਿਚ ਖੱਲ੍ਹੇ;
ਇਕ ਦੂਜੇ ਨੂੰ ਦੂਰੋਂ ਕਰਨ ਇਸ਼ਾਰੇ,
ਕਿਉਂ ਨਹੀਂ ਟੁਟ ਪੈਂਦੇ ਏਹ ਤਾਰੇ ?
ਕਿਉਂ ਨਹੀਂ ਆਪਣੀਆਂ ਥਾਵਾਂ ਛਡ ਕੇ
ਇਕ ਦੂਜੇ ਨੂੰ ਮਿਲਣ ਵਾਸਤੇ
ਨਸ ਪੈਂਦੇ ਇਹ ਸਾਰੇ ?

ਸਦਾ ਆਪਣੇ ਰਾਹੀਂ ਤੁਰਦੀ ਰਹਿੰਦੀ,
ਉਸੇ ਪੁਰਾਣੀ ਪਗਡੰਡੀ ਦੇ
ਮੁੜ ਮੁੜ ਗੇੜੇ ਲੈਂਦੀ; ੧੦

ਕਿਉਂ ਨਹੀਂ ਧਰਤੀ ਰਸਤੇ ਤੋਂ ਨਸ ਜਾਂਦੀ ?
ਕਿਉਂ ਨਹੀਂ ਇਹ ਲਾਂਭੇ ਹੋ ਬਹਿੰਦੀ,
ਰੋਜ਼ ਰੋਜ਼ ਦਿਆਂ ਚਕਰਾਂ ਹੱਥੋਂ
ਛੁਟਕਾਰਾ ਨਹੀਂ ਪਾਂਦੀ ?

ਸਮੇਂ ਦੀਆਂ ਟਕਰਾਂ ਤੋਂ ਅਕਿਆ,
ਚਿਰ ਤੋਂ ਪਹਿਰੇਦਾਰਾਂ ਵਾਙੂ
ਖੜਿਆਂ ਖੜਿਆਂ ਥੱਕਿਆ :
ਕਿਉਂ ਨਹੀਂ ਢਹਿੰਦਾ ਇਹ ਬੁੱਢਾ ਅਸਮਾਨ ?
ਕਿਉਂ ਨਹੀਂ ਟੁਟ ਪੈਂਦਾ ਇਹ ਆਪੇ,
ਸਮੇਂ ਦੀਆਂ ਟਕਰਾਂ ਦੇ ਹੱਥੋਂ ਨਹੀਂ ਛੁੜਾਂਦਾ ਜਾਨ ? ੨੦

ਨਿਤ ਨਿਤ ਚੜ੍ਹਦਾ, ਨਿਤ ਨਿਤ ਲਹਿੰਦਾ,
ਸਦਾ ਤਪਸ਼ ਵਿਚ ਤਪਦਾ ਰਹਿੰਦਾ ;
ਕਿਉਂ ਨਹੀਂ ਸੂਰਜ ਤਪਣਾ ਛਡਦਾ ?
ਕਿਉਂ ਨਹੀਂ ਕਿਸੇ ਮਹਾਂ ਸਾਗਰ ਦੀ
ਹਿੱਕ-ਡੂੰਘਾਈ ਦੇ ਵਿਚ ਬਹਿੰਦਾ ?
ਕਿਉਂ ਨਹੀਂ ਕੋਈ ਮਹਾਂ-ਸਾਗਰ ਹੀ
ਖਾਂਦਾ 'ਜਿਹਾ ਉਛਾਲਾ
ਬਿਨਸ ਜਾਣ ਸਾਰੇ ਹੀ ਟਾਪੂ,

ਢਕਿਆ ਜਾਏ ਹਿਮਾਲਾ ?

ਨਿਤ ਨਵੀਆਂ ਦੁੱਖਾਂ ਦੀਆਂ ਵਾਟਾਂ, ੩੦
ਸਦਾ ਸਹਾਰੋ ਜੀਵਨ-ਪੀੜਾਂ,
ਜੰਮਣ ਦੀਆਂ ਤੱਰਾਟਾਂ !
ਕਿਉਂ ਨਹੀਂ ਛਡਦਾ ਜੀਵਨ ਨੂੰ ਇਨਸਾਨ ?
ਕਿਉਂ ਨਹੀਂ ਰੋਣੋਂ ਤੀਵੀਂ ਹਟਦੀ ?
ਕਿਉਂ ਨਹੀਂ ਮਰਦ ਕਲਪਣਾ ਛਡਦਾ ?
ਕਾਹਨੂੰ ਦੁੱਖ ਉਠਾਣ ?

ਕਿਸੇ ਆਸ ਦੇ ਹੀ ਬਲ ਤੇ ਹੈ
ਕਾਇਮ ਕੁੱਲ ਨਜ਼ਾਮ !

ਆਸ ਹੈ ਅਸਲਾ ਕੁਲ ਜੀਵਨ ਦਾ,
ਆਸ ਆਸਰਾ ਹਰ ਹਸਤੀ ਦਾ, ੪੦
ਸਿਰਫ਼ ਆਸ ਦਾ ਮੁਕ ਜਾਣਾ ਹੈ
ਪਰਲੋ ਦਾ ਸਾਮਾਨ !

ਕੋਇਟਾ ੨੦ ਅਗਸਤ ੧੯੪੩

SIKHBOOKCLUB.COM

ਆਓ ਪੰਛੀਓ

ਆਓ 'ਪੰਛੀਓ', ਜੰਮ ਜੰਮ ਮੇਰੇ ਵਿਹੜੇ ਆਓ,
ਭਾਵੇਂ ਮੇਰੇ ਕੇਸਾਂ ਅੰਦਰ ਅਪਣੇ ਸੁਹਲ ਆਲ੍ਹਣੇ ਪਾਓ –
ਆਓ ਪੰਛੀਓ, ਨਿਤ ਨਿਤ ਮੇਰੇ ਵਿਹੜੇ ਆਓ !

ਵੇਖ ਵੇਖ ਕੇ ਖੰਭ ਤੁਹਾਡੇ
ਨਿਤ ਆਦਮ ਦੇ ਸੁਪਨੇ ਜਾਗੇ :
ਉਹ ਸੀ ਇਕ ਦਿਨ ਅਰਸ਼ ਦੇ ਉੱਤੇ,
ਐਪਰ ਇਕ ਗੁਨਾਹ ਦੇ ਕਾਰਨ,
ਕਿਸੇ ਸੁਆਦ ਦੀ ਚਾਹ ਦੇ ਕਾਰਨ,
ਸੁਟਿਆ ਗਿਆ ਸੀ ਫ਼ਰਸ਼ ਦੇ ਉੱਤੇ –
ਕਿਸੇ ਅਦਿੱਖ ਹੁਕਮ ਦਾ ਧੱਫ਼ਾ – ੧੦

ਓਸ ਗੁਨਾਹੋਂ ਉਨ ਕੀ ਲੱਝਾ ?
ਸੈਆਂ ਜੁਗਾਂ ਦੀ ਮਿਲੀ ਭਟਕਣਾ,
ਲਖ ਜਨਮਾਂ ਦੀ ਲੱਭੀ ਪੀੜਾ ;
ਅਰਸ਼ਾਂ ਦੇ ਬਾਗ਼ਾਂ ਦਾ ਰਾਜਾ –
ਧਰਤੀ ਦੀ ਮਿੱਟੀ ਦਾ ਕੀੜਾ !
ਵੇਖ ਵੇਖ ਕੇ ਖੰਭ ਤੁਹਾਡੇ
ਨਿਤ ਫਿਰ ਉਸ ਦੇ ਸੁਪਨੇ ਜਾਗੇ :
'ਖੰਭ ਜੇ ਹੋਵਣ ਉਡ ਜਾਂ ਵਾਪਸ'
ਨਿਤ ਨਿਤ ਆਦਮ ਸੋਚਾਂ ਸੋਚੇ ;
ਸੱਪ ਤੋਂ ਡਰਦਾ, ਹੱਵਾ ਤੋਂ ਝਕਦਾ ੨੦
ਭੀ ਉਹ ਅਰਸ਼ੀ, ਬਾਗ਼ ਨੂੰ ਲੋਚੇ ;
ਪਰ, ਖੰਭੋਂ ਹੀਣਾ, ਉਡਣੋਂ ਆਤਰ
ਆਦਮ ਧਰਤੀ ਤੇ ਹੈਰਾਨ !
ਆਦਮ ਦੇ ਹਰ ਪੁੱਤ ਦੇ ਦਿਲ ਵਿਚ
ਅਜੇ ਵੀ ਬਾਕੀ ਹੈ ਅਰਮਾਨ ।
ਆਓ ਮੇਰੇ ਸੀਨੇ ਵਿਚ ਵੀ
ਮੁੜ ਏਹੋ ਅਰਮਾਨ ਜਗਾਓ !
ਆਓ ਪੰਛੀਓ, ਨਿਤ ਨਿਤ ਮੇਰੇ ਵਿਹੜੇ ਆਓ !

ਆਦਮ ਦਾ ਹਰ ਪੁੱਤਰ ਜੰਮਦੈ

ਰੱਬੀ ਕਿਸੇ ਜਲੌ ਦੇ ਅੰਦਰ, ੩੦
ਦੈਵੀ, ਸੂਖਮ ਲੋ ਦੇ ਅੰਦਰ।
ਆਪ ਅਗੰਮਤਾ ਝੂਟੇ ਦੇਵੇ
ਉਸ ਨੂੰ ਬਾਲ-ਪੰਘੂੜੇ ਅੰਦਰ,
ਰੰਗੇ ਨਿੱਤ ਉਸ ਦਾ ਚੋਲਾ
ਰੰਗ ਮਜੀਠੇ ਗੂੜ੍ਹੇ ਅੰਦਰ।

ਉਸ ਦੀਆਂ ਦੋ ਅਖੀਆਂ ਹੈਰਾਨ—
ਜਿਹੜੀਆਂ ਆਪਣੀ ਅੰਮੀ ਨੂੰ ਵੀ
ਹਾਲੇ ਸਕੀਆਂ ਨਹੀਂ ਸਿੰਞਾਣ—
ਸਾਹਵੇਂ ਵੇਖਣ ਅਰਸ਼ ਦਾ ਚਾਨਣ
ਵਿਗਸਣ ਤੇ ਮੁਸਕਾਣ; ੪੦
ਝਟ ਵਿਸਮਾਦ ਆਲੌਕਿਕ ਅੰਦਰ
ਹੋ ਜਾਵਣ ਗ਼ਲਤਾਨ।
ਸੁਰਤ-ਉਡਾਰੀ ਖੰਭ ਲਗਾ ਕੇ
ਉਡ ਜਾਵੇ ਅਸਮਾਨ।

ਸਹਿਜੇ ਸਹਿਜੇ ਪਰ ਬੁਲ੍ਹੀਆਂ ਨੇ
ਨਿੱਘ ਦੀ ਖ਼ਾਤਰ,
ਦੁੱਧ ਦੀ ਖ਼ਾਤਰ,

ਮਾਂ-ਬਣ ਲਈ ਪਛਾਣ।
ਸਹਿਜੇ ਸਹਿਜੇ ਫਿਰ ਅਖੀਆਂ ਨੇ
ਅੰਮਾ ਲਈ ਸਿੰਞਾਣ। ੫੦
ਆ ਗਈ ਮੁੜ ਹੱਵਾ ਦੀ ਜਾਈ
ਆਦਮ-ਪੁਤ ਭਰਮਾਣ;
ਉਸ ਨੂੰ ਅਰਸ਼ੀ ਬਾਗ਼ 'ਚੋਂ ਕਢ ਕੇ
ਫ਼ਰਸ਼ਾਂ ਤੇ ਸੁਟ ਪਾਣ!

ਪਿਆਰ ਦੀ ਖ਼ਾਤਰ,
ਦੁੱਧ ਦੀ ਖ਼ਾਤਰ,
ਨਿੱਘ ਦੀ ਖ਼ਾਤਰ,
ਸੁਆਦ ਦੀ ਖ਼ਾਤਰ,
ਮੀਟੇ ਅੱਖਾਂ,
ਖੋਲ੍ਹੇ ਬਾਹਾਂ, ੬੦
ਮਿੱਠੇ, ਨਿਘੇ ਬਣਾਂ ਨੇ ਆਖ਼ਰ
ਖੁਹ ਲਿਆ ਉਸ ਦਾ 'ਧਿਆਨ'।

ਬਦਲ ਗਿਆ ਉਸ ਦਾ ਚਉਫੇਰਾ;
ਖੁਸ ਗਿਆ ਅਰਸ਼ ਦਾ ਸੂਖਮ ਚਾਨਣ,
ਮਿਲ ਗਿਆ ਮਾਂ-ਬੁੱਕਲ ਦਾ ਨ੍ਹੇਰਾ।
ਹੁਣ ਉਸ ਦੀ ਉਹ ਸੂਰਤ-ਉਡਾਰੀ
ਖੰਭ-ਹੀਣ, ਨਿਰਜਿੰਦ ਜਿਹੀ ਹੋ

ਧਰਤੀ ਤੇ ਢਹਿ ਪਈ ਵਿਚਾਰੀ ।
ਨਿੱਸਲ ਪਈ ਦੇ ਸੀਨੇ ਵਿਚ ਵੀ
ਧੜਕੇ ਇਕ ਬਿਹਬਲਤਾ ਭਾਰੀ— ੭੦
ਜਦ ਤਕ ਆਦਮ-ਪੁੱਤ ਹੈ ਬਾਕੀ
ਕੀ ਰਹਿਸੀ ਬਿਹਬਲਤਾ ਜਾਰੀ ?
ਮੇਰੀ ਇਸ ਬਿਹਬਲਤਾ ਨੂੰ ਵੀ
ਆਓ ਦੋਸਤੋ, ਹੋਰ ਜਗਾਓ !
ਆਓ ਪੰਛੀਓ, ਜੰਮ ਜੰਮ ਮੇਰੇ ਵਿਹੜੇ ਆਓ ।

ਦੇ ਕੇ ਆਪਣੇ ਖੰਭ ਹੁਦਾਰੇ—
ਹਲਕੇ ਹਲਕੇ, ਪਿਆਰੇ ਪਿਆਰੇ—
ਮੇਰੀ ਸੁਰਤ-ਉਡਾਰੀ ਤਾਈਂ
ਗਗਨ ਦੇਸ ਲੈ ਜਾਓ ।

ਜਾਂ ਕੋਈ ਐਸਾ ਗੀਤ ਸੁਣਾਓ : ੮੦
ਕਢ ਕੇ ਅਪਣੀ 'ਵਾਜ਼ ਸੁਰੀਲੀ,
ਛੇੜੋ ਤਾਨ 'ਜਿਹੀ ਦਰਦੀਲੀ,
ਮੇਰੀ ਸੁਰਤ-ਉਡਾਰੀ ਤਾਈਂ
ਮੁੜ ਅਸਲੇ ਦੀ ਯਾਦ ਦਿਵਾਓ ;
ਇਸ ਦੇ ਸੂਖਮ ਸੀਨੇ ਅੰਦਰ
ਬਿਹਬਲਤਾ ਦੀ ਅੱਗ ਲਗਾਓ ;

ਤਾਂ ਜੋ ਇਸ ਬਿਹਬਲਤਾ ਸਦਕੇ
ਤੋੜੇ ਸੰਗਲ ਇਹ ਜੜਤਾ ਦੇ,
ਖੰਭ ਲਗਾ ਫਿਰ ਚੇਤਨਤਾ ਦੇ
ਘਰ ਆਪਣੇ ਉਡ ਜਾਏ। ੯੦

ਮੇਰੀ ਇਸ ਵਿਆਕੁਲਤਾ ਬਦਲੇ
ਸੁਣ ਵੀ ਲਉ ਮੇਰੇ ਏਹ ਤਰਲੇ।
ਜੁਗਾਂ ਜੁਗਾਂ ਦੇ ਵਿਛੜੇ ਹੋਏ
'ਅਸਲੇ' ਨਾਲ ਮਿਲਾਓ।
ਜੁਗਾਂ ਜੁਗਾਂ ਤਕ ਇਸ 'ਕੀੜੇ' ਨੂੰ
ਅਪਣਾ ਰਿਣੀ ਬਣਾਓ!
ਆਓ ਪੰਛੀਓ, ਜੰਮ ਜੰਮ ਮੇਰੇ ਵਿਹੜੇ ਆਓ!
ਭਾਵੇਂ ਮੇਰੇ ਕੇਸਾਂ ਅੰਦਰ
ਆਪਣੇ ਸੁਹਲ ਆਹਲਣੇ ਪਾਓ!

ਲੁਧਿਆਣਾ ੨੦ ਸਤੰਬਰ ੧੯੫੩

SIKHBOOKCLUB.COM

ਕੀ ਹੈ ਇਹ ਇਨਸਾਨ ?

SIKHBOOKCLUB.COM

ਕੀ ਸੀ ਉਹ ਇਨਸਾਨ ?

ਨੰਗ-ਧੜੰਗਾ ਜਾਂ ਅਧ-ਕਜਿਆ
ਰਹਿੰਦਾ ਸੀ ਜੋ ਕੰਦਰਾਂ ਅੰਦਰ,
ਨਚਦਾ ਫਿਰਦਾ ਬੰਦਰਾਂ ਅੰਦਰ ;
ਹਿਰਨਾਂ ਪਿਛੇ, ਸਹਿਆਂ ਪਿਛੇ,
ਮਾਸ ਖਾਣ ਲਈ, ਖਲ ਲਾਹਣ ਲਈ
ਨਸਦਾ ਫਿਰੇ ਨਦਾਨ !

ਚੀਕਾਂ, ਕੂਕਾਂ, ਹੱਥ-ਹੁਲਾਰੇ —

ਬੋਲੀ ਉਸ ਦੀ ਚਿੰਨ੍ਹ, ਇਸ਼ਾਰੇ ;
ਕੰਨੀਂ ਸੁਣ ਕੇ ਸਮਝ ਨ ਸੱਕੇ, ੧੦
ਤੱਕੇ ਬਿਨਾਂ ਪਛਾਣ ।

ਨੰਗ-ਮੁਨੰਗਾ ਕਾਮ ਓਸ ਦਾ,
ਟੱਬਰ ਉਸ ਲਈ ਨਿਰਾ ਅਜੂਬਾ ;
ਮਛੀਆਂ ਫੜ ਕੇ, ਫਲ ਤੋੜ ਕੇ,
ਮਾਸ ਭੁੰਨ ਕੇ, ਅਗ ਸੇਕ ਕੇ,
ਅਪਣੇ ਵਰਗੇ ਅਧ-ਪਸ਼ੂਆਂ ਸੰਗ
ਕਰ ਛੱਡੇ ਘਮਸਾਨ !

SIKHBOOKCLUB.COM

ਕੀ ਸੀ ਉਹ ਇਨਸਾਨ ?

ਨਿੱਕੀਆਂ ਨਿੱਕੀਆਂ ਟਬਰਦਾਰੀਆਂ,
ਤੇ ਫਿਰ ਟਬਰਾਂ ਦੀਆਂ ਸਰਦਾਰੀਆਂ ; ੨੦
ਕੁਝ ਟਬਰਾਂ ਦੇ ਪਿੰਡ ਬਣਾ ਕੇ,
ਕੁਝ ਪਿੰਡਾਂ ਦੇ ਥਾਪ ਕੇ ਰਾਜੇ,
ਰਈਅਤ ਵਸੇ ਹੁਕਮ ਦੇ ਅੰਦਰ,
ਰਾਜੇ ਰਾਜ ਕਮਾਣ ।
ਰਾਜੇ ਸਾਰੇ ਰੱਬ ਦੇ ਸਾਜੇ,

ਬੰਦੇ ਸਭ ਸ਼ੈਤਾਨ ਦੇ ਜਾਏ;
ਰਾਜੇ ਸਾਰੇ ਅਦਲੀ, ਮੁਨਸਫ਼,
ਬਾਕੀ ਬੇਈਮਾਨ।

ਭੈਂ ਤੋਂ ਉਪਜਿਆ ਧਰਮ ਨਿਭਾਣਾ,
ਕੁਦਰਤ ਦੇ ਹਰ ਰੂਪ ਦੇ ਵਿੱਚੋਂ ੩੦
ਨਿੱਤ ਦੇਵਤਾ ਨਵਾਂ ਬਣਾਣਾ,
ਕੁਦਰਤ ਦੇ ਅਨਗਿਣਤ ਗੁਣਾਂ 'ਚੋਂ
ਕੇਵਲ ਇਕ ਦੋ ਚਾਰ ਤੋਂ ਜਾਣੂ
ਮਸਲਨ, ਪਾਣੀ ਓਧਰ ਵੱਗੇ
ਜਿਧਰ ਨੂੰ ਢਲਵਾਨ!
ਕੀ ਸੀ ਉਹ ਇਨਸਾਨ!

ਬੰਨ੍ਹ ਬੰਨ੍ਹ ਕੇ ਇਕਸਾਰ ਕਤਾਰਾਂ
ਸਦੀਆਂ ਪਿੱਛੋਂ ਸਾਲ ਹਜ਼ਾਰਾਂ,
ਜਿਵੇਂ ਲੰਘਦੇ ਆਏ ਜੁਗਾਂ ਤੋਂ,
ਹੁਣ ਵੀ ਲੰਘਦੇ ਜਾਣ। ੪੦
ਸਦੀਆਂ ਉਹਲੇ, ਸਾਲਾਂ ਉਹਲੇ,
ਦੂਰ ਭਵਿਖ ਦਿਆਂ ਕਾਲਾਂ ਉਹਲੇ
ਦਿੱਸੇ ਭਲਕੇ ਦਾ ਇਨਸਾਨ—

SIKHBOOKCLUB.COM

ਹੱਸ ਰਿਹਾ ਸਾਡੇ ਉੱਤੇ ਵੀ :
"ਕੀ ਸੀ ਉਹ ਇਨਸਾਨ ? –
ਰਹਿੰਦਾ ਸੀ ਜੋ ਨਿੱਕੀਆਂ ਨਿੱਕੀਆਂ
ਦੇਸਾਂ ਦੀਆਂ ਹਦਬੰਦੀਆਂ ਅੰਦਰ ;
ਮਾਨਵਤਾ ਦੀਆਂ ਨਿੱਕੀਆਂ ਨਿੱਕੀਆਂ,
ਬਹੁਤ ਨਿਕੋਰੀਆਂ ਵੰਡੀਆਂ ਅੰਦਰ ;
ਤਖ਼ਤਾਂ ਉਤੋਂ ਲਾਹ ਕੇ ਰਾਜੇ, ੫੦
ਗਲੀਆਂ ਅੰਦਰ ਤਾਜ ਰੋਲ ਕੇ,
ਭਾਵੇਂ ਜਨਤਾ 'ਚੋਂ ਚੁਣ ਲੀਤੇ
ਜਨਤਾ ਦੇ ਪਰਧਾਨ ;
ਮਗਰ ਹਕੂਮਤ ਰਹੀ ਹਕੂਮਤ,
ਤਾਕਤ ਉਵੇਂ ਬਣੀ ਰਹੀ ਤਾਕਤ,
ਅਪਣੀ ਅਪਣੀ ਜੁੰਡਲੀ ਖ਼ਾਤਰ,
ਅਪਣੇ ਅਪਣੇ ਧੜਿਆਂ ਖ਼ਾਤਰ,
ਸਾਰੇ ਵਲ, ਛਲ, ਜ਼ੋਰ ਚਲਾਣੇ –
ਹੋਰਾਂ ਤਾਈਂ ਵਿਰੋਧੀ ਕਹਿ ਕੇ
ਉਨ੍ਹਾਂ ਤੇ ਕਰਨਾ ਜਬਰ ਪਿੰਡਾਣੇ ; ੬੦
ਬੋਲਣ ਤੇ ਪਾਬੰਦੀਆਂ ਲਾ ਕੇ,
ਦੇਸੋਂ ਕਢ ਕੇ, ਜੇਲ੍ਹੀਂ ਪਾ ਕੇ,
ਆਖਣ, ਅਪਣੇ ਧੜਿਆਂ ਤਾਈਂ

SIKHBOOKCLUB.COM

ਕਰ ਲਈਏ ਬਲਵਾਨ !

"ਦੇਸ ਦੇ ਨਾਂ ਤੇ, ਵਤਨ ਦੇ ਨਾਂ ਤੇ
ਮਾਨਵਤਾ ਦਾ ਖ਼ੂਨ ਡੋਲ੍ਹਣਾ ;
ਦੇਸ ਦੇ ਨਾਂ ਤੇ, ਵਤਨ ਦੇ ਨਾਂ ਤੇ
ਸੱਭਿਤਾ ਤਾਈਂ ਭੋਏਂ ਰੋਲਣਾ ;
ਦੇਸ ਦੇ ਨਾਂ ਤੇ, ਵਤਨ ਦੇ ਨਾਂ ਤੇ
ਨਿੱਕੀਆਂ ਨਿੱਕੀਆਂ ਗੱਲਾਂ ਉੱਤੇਂ
ਕਰਨੇ ਜੁੱਧ ਮਹਾਨ !

"ਬੱਚਿਆਂ ਵਾਙੂ ਨਿੱਤ ਝਗੜਨਾ ;
'ਅਜ ਤੇਰੇ ਕਿਉਂ ਉੱਡਣ-ਖਟੋਲੇ
ਮੇਰੀ ਧਰਤੀ ਉੱਤੇਂ ਲੰਘੇ ?
ਅਜ ਕਿਉਂ ਮੇਰੇ ਪਾਣੀਆਂ ਅੰਦਰ
ਆਣ ਵੜੇ ਸਨ ਤੇਰੇ ਬੇੜੇ ?
ਤੂੰ ਕਿਉਂ ਮੈਥੋਂ ਦੇਸ ਛੁੜਾਵੇਂ ?
ਤੂੰ ਕਿਉਂ ਮੈਨੂੰ ਪਰੇ ਹਟਾਵੇਂ ?
ਵੇਖ ਵੱਡਾ ਪਰਧਾਨ ?'

"ਨਿਤ ਦੇਸਾਂ ਦੇ ਧੜੇ ਬਣਾ ਕੇ

ਅਮਨ ਦੇ ਨਾਂ ਤੇ ਮੰਡਲ ਰਚ ਕੇ
ਵਿਚ ਕਰਨੇ ਘਮਸਾਨ !''

ਕੀ ਸੀ ਉਹ ਇਨਸਾਨ ?
ਕੀ ਹੈ ਇਹ ਇਨਸਾਨ ?
ਮਾਨਵਤਾ ਬਚਪਨ ਤੋਂ ਹਾਲੇ
ਹੋਈ ਨਹੀਂ ਜੁਆਨ ;
ਇਸ ਦੀਆਂ ਰਚੀਆਂ ਅਜੇ ਕੀਮਤਾਂ
ਚੜ੍ਹੀਆਂ ਨਹੀਂ ਪਰਵਾਨ ;
ਅਜੇ ਮਨੁੱਖ ਦੇ ਨਵੇਂ ਜ਼ਾਵੀਏ
ਹੋਏ ਨਹੀਂ ਮਹਾਨ !
ਕੀ ਹੈ ਇਹ ਇਨਸਾਨ ?

SIKHBOOKCLUB.COM

ਕਪੂਰਥਲਾ ੧੦ ਜੁਲਾਈ ੧੯੪੮



ਜੁਗ ਅਮਨ ਦਾ ਹਾਲੇ ਦੂਰ

SIKHBOOKCLUB.COM

ਜੁਗ ਅਮਨ ਦਾ ਹਾਲੇ ਦੂਰ !
ਅਜੇ ਤਾਂ ਬੁਝਿਆ ਨਹੀਂ ਕੌਮਾਂ ਦੀ ਤ੍ਰਿਸ਼ਨਾ ਦਾ
ਜੁਗਾਂ ਤੋਂ ਤਪਦਾ ਤੰਦੂਰ !

ਜੇਤੂ ਅੱਖਾਂ 'ਚ ਅਜੇ ਨਸ਼ੇ ਦੀਆਂ ਝਲਕਾਂ,
ਹਾਰੀਆਂ ਅੱਖਾਂ ਦੀਆਂ ਭਾਰੀਆਂ ਪਲਕਾਂ,
ਹਾਲੇ ਦੁਪਾਸੀਂ ਫ਼ਰਕ ਨੀਤਾਂ ਵਿਚ,
ਹਾਲੇ ਦਿਲਾਂ ਵਿਚ ਕੂਣ ।
ਜਦੋਂ ਤਕ ਦੁਨੀਆ 'ਚ ਹੁੰਦਾ ਰਹੇਗਾ
ਕੌਮਾਂ ਦੀ ਅਣਖ ਦਾਂ ਖ਼ੂਨ,

ਨਫ਼ਰਤ ਦੇ ਭਾਂਬੜ ਮਚਦੇ ਰਹਿਣਗੇ, ੧੦
ਜਾਣਾ ਨਹੀਂ ਜੰਗ ਦਾ ਜਨੂੰਨ !

ਜਦੋਂ ਤਕ ਹੁੰਦੇ ਨਹੀਂ ਸਿੱਟੇ ਉਚੇਰੇ,
ਜਦੋਂ ਤਕ ਬੀਂਦੇ ਨਹੀਂ ਬਾਲ ਵਡੇਰੇ,
ਜਦੋਂ ਤਕ ਪੈਂਦਾ ਨਹੀਂ ਮੁੜ ਕੇ ਅਖਾੜਾ,
'ਹਾਲਾ-ਲਾਲਾ' ਹੁੰਦਾ ਨਹੀਂ ਜਦ ਤਕ ਦੁਬਾਰਾ,
ਜਦੋਂ ਤਕ ਕਤਲਾਂ ਦਾ ਬਦਲਾ ਨਹੀਂ ਚੁਕਦਾ
ਹੋਣਾ ਨਹੀਂ ਕਾਇਮ ਸਕੂਨ !

ਬਾਜ਼ਾਂ ਨੇ ਘੁੱਗੀ ਦੇ ਪਰ ਤੁੰਡ ਮਾਰੇ;
ਨਫ਼ਰਤ ਦੀ ਕੁਹੜੀ ਅਮਰ ਵੇਲ ਨੇ
ਓਹ ਕਰੜੇ ਕਲਾਵੇ ਪਸਾਰੇ : ੨੦
ਸ਼ਾਂਤੀ ਦੀ ਟਹਿਣੀ ਦੇ ਪੱਤੇ ਸੁਹਾਵੇ,
ਕਿਰ ਕਿਰ ਕੇ ਟਹਿਣੀ ਤੋਂ,
ਰੁਲ ਰੁਲ ਗਏ ਭੋਂ ਤੇ
ਇਕ ਇਕ ਕਰ ਕੇ ਵਿਚਾਰੇ।

ਲਦ ਗਏ ਸਿਕੰਦਰ, ਖ਼ਤਮ ਹੋ ਗਏ ਸੀਜ਼ਰ,
ਪਰ ਤ੍ਰਿਸ਼ਨਾ ਨੇ ਖਾਧੇ ਨੇ ਮੋੜੇ;

ਸ਼ਾਹਾਂ ਨੂੰ ਕਾਠੀ ਤੋਂ ਲਾਹ ਕੇ, ਮਿਟਾ ਕੇ,
ਕੌਮਾਂ ਨੂੰ ਚੁੱਕੀ ਉਡਾਈ ਲਿਜਾਂਦੇ
ਤ੍ਰਿਸ਼ਨਾ ਦੇ ਮੂੰਹ-ਜ਼ੋਰ ਘੋੜੇ ।
ਹਾਲੇ ਵੀ ਧਰਤੀ ਦੀ ਇੱਛਾ ਮਨੁੱਖ ਨੂੰ ੩੦
ਹਾਲੇ ਵੀ ਮਿੱਟੀ 'ਚ ਨੀਅਤ ਮਨੁੱਖ ਦੀ,
ਹਾਲੇ ਵੀ ਤਿੰਨ ਹੱਥ ਧਰਤੀ ਦਾ ਭਾਗੀ
ਧਰਤੀ ਨੂੰ ਵਲਣਾ ਲੋੜੇ ।

ਸਾਇੰਸ ਨੇ ਦਿੱਤੇ ਮਨੁੱਖਤਾ ਦੇ ਹੱਥ ਵਿਚ
ਸਜਰੇ ਤਬਾਹੀ ਦੇ ਆਲੇ;
ਅਪਣੀ ਅਕਲ ਤੋਂ ਹੀ ਪੈ ਗਏ ਮਨੁੱਖ ਨੂੰ
ਅਪਣੀ ਹੀ ਜਿੰਦੂ ਦੇ ਲਾਲੇ ।
ਅਜ ਭੈ ਦੇ ਚੱਕੇ ਤੇ ਚੜ੍ਹ ਕੇ ਮਨੁੱਖਤਾ
ਪਈ ਆਪੇ ਭੁਆਂਟੀਆਂ ਖਾਵੇ—
ਥਰ ਥਰ ਕੰਬੀ ਜਾਣ ਪੈਰ ਮਨੁੱਖ ਦੇ, ੪੦
ਤਰਾਹ ਤਰਾਹ ਕਰੀ ਜਾਏ ਦਿਲ ਬੰਦੇ ਦਾ,
ਪਰ ਘਬਰਾ ਕੇ ਸੋਚ ਮਨੁੱਖ ਦੀ
ਚੱਕੇ ਨੂੰ ਹੋਰ ਘੁਮਾਵੇ ।
ਤੇਜ਼ੋ ਤੇਜ਼, ਤੇਜ਼ੋ ਤੇਜ਼,
ਜ਼ੋਰੋ ਜ਼ੋਰ, ਜ਼ੋਰੋ ਜ਼ੋਰ,

ਚੱਕਾ ਘੁਮਾਟੀਆਂ ਖਾਵੇ ।
ਫਟ ਫਟ ਉੱਠੇ ਉਹਦੇ ਅਣੂ ਪਰਮਾਣੂ
ਵਗ ਵਗ ਉੱਠੇ ਲਾਵੇ,
ਹੜ ਬਣ ਬਣ ਕੇ ਆ ਗਈ ਪਰਲੋ
ਛੱਲਾਂ 'ਚੋਂ ਉੱਠੇ ਹਾਵੇ : ੫੦
"ਹਾਏ ਨੀ,
ਕੋਈ ਨੂਹ ਅਜ ਆਣ ਬਚਾਵੇ !

ਫ਼ੀਰੋਜ਼ਪੁਰ ੨੩ ਦਸੰਬਰ ੧੯੫੨

SIKHBOOKCLUB.COM



ਖੇਡ ਲੈ ਬੱਚੇ ਮੇਰੇ

SIKHBOOKCLUB.COM

ਖੇਡ ਲੈ ਬੱਚੇ ਮੇਰੇ ਤੂੰ ਖੇਡ ਲੈ !

ਘਰ ਦੇ ਕੋਨੇ ਵਿਚ, ਵੱਡਿਆਂ ਤੋਂ ਪਰੇ,
ਨਿੱਕੇ ਨਿੱਕੇ ਕੰਕਰੇ, ਲਕੜੀ ਦੇ ਟੋਟੇ ਜੋੜ ਕੇ,
ਤੂੰ ਬਣਾਂਦਾ ਹੈਂ ਪਿਆ ਪਰੀਆਂ ਦੇ ਘਰ—
ਕੂਲੇ ਕੂਲੇ ਕਪੜਿਆਂ ਵਿਚ,
ਨੀਲੇ ਨੀਲੇ ਪਰਾਂ ਵਾਲੀ,
ਲੰਮੇ ਲੰਮੇ ਕੇਸ ਜਿਸ ਦੇ
ਵਿਚ ਹਵਾ ਦੇ ਲਹਿਰਦੇ,
ਤੇਰੀ ਉਹ ਨੀਲਮ ਪਰੀ

ਤੇਰੇ ਇਸ ਸੁੰਦਰ ਮਹੱਲ ਦੇ
ਬਾਹਰ ਅੰਦਰ ਆ ਰਹੀ।
ਸੁਹਣੇ ਸੁਹਣੇ ਮੂੰਹਾਂ ਵਾਲੇ,
ਵੱਡੇ ਵੱਡੇ ਸਿਰਾਂ ਵਾਲੇ,
ਚੁਸਤ ਚਾਬਕ ਘੋੜਿਆਂ ਦੀ ਪਿੱਠ ਤੇ,
ਤੇਰੀ ਇਸ ਨੀਲਮ ਪਰੀ ਨੂੰ ਵਰਨ ਲਈ,
ਉਸ ਦੇ ਜਾਦੂ-ਜਾਲ ਅੰਦਰ ਮਰਨ ਲਈ,
ਦੂਰ ਦੇਸਾਂ ਤੋਂ ਚਲੇ ਆਂਦੇ ਕੁਮਾਰ !

ਖੇਡ ਲੈ ਬੱਚੇ ਮੇਰੇ ਤੂੰ ਖੇਡ ਲੈ ;
ਸਾਗਰੋਂ ਅਸਮਾਨ ਵਲ ਧੂਏਂ ਦੇ ਉਠਦੇ ਪਏ ਪਹਾੜ —
ਆਦਮੀ ਦੀ ਅਕਲ ਦੇ ਖੰਡਰ, ਮਨੁੱਖਤਾ ਦੇ ਉਜਾੜ। ੨੦
ਫੱਟ ਅਣਮੋਲੇ,
ਸੜੇ ਹੋਏ ਜਿਸਮ ਕੁਰਲਾਂਦੇ ਹੋਏ,
ਅਰਸ਼ ਤੋਂ ਵਸਦੀ ਹੋਈ
ਪਰਮਾਣੂਆਂ ਦੀ ਧੂੜ ਤੋਂ
ਮਾਰੇ ਹੋਏ ਬੇਜਾਨ ਖੇਤ
ਘੋਰ ਇਕ ਵਿਥਿਆ ਸੁਣਾਂਦੇ ਨੇ ਪਏ,
ਢੋਲ ਖ਼ਤਰੇ ਦਾ ਵਜਾਂਦੇ ਨੇ ਪਏ ;
ਪਰ ਤੇਰੀ ਨੀਲਮ ਪਰੀ ਦੇ ਦੇਸ ਵਿਚ
ਕੋਈ ਇਹ ਖ਼ਤਰਾ ਨਹੀਂ —

ਖੇਡ ਲੈ ਬੱਚੇ ਮੇਰੇ ਤੂੰ ਖੇਡ ਲੈ ! ੩੦

ਤੇਰਾ ਇਹ ਬਚਪਨ ਕਦੇ ਮੁੱਕੇ ਨ ਲਾਲ !
ਕਦੇ ਵੀ ਤੈਨੂੰ ਪਤਾ ਲੱਗੇ ਨ ਚੰਨ :
ਤੇਰੇ ਬਾਪੂ ਦੀ ਉਮਰ ਦੇ ਆਦਮੀ,
ਕਿਸ ਤਰ੍ਹਾਂ ਹੈਵਾਨੀਅਤ ਦੀ ਨੀਤ ਨਾਲ
ਕਰ ਰਹੇ ਨੇ ਆਦਮੀਅਤ ਨੂੰ ਹਲਾਲ !
ਤੇਰੀ ਮਾਸੂਮੀ ਨੂੰ ਜੇ ਲਗਿਆ ਪਤਾ :
ਕਿਸ ਤਰ੍ਹਾਂ ਬਾਪੂ ਤੇਰਾ,
ਕਿਸ ਤਰ੍ਹਾਂ ਚਾਚਾ ਤੇਰਾ,
ਸਾਰੀ ਧਰਤੀ ਦੀ ਕੁਆਹੀ ਹਿੱਕ ਤੇ,
ਅਪਣੇ ਹਲ ਦੀ ਨੋਕ ਨਾਲ, ੪੦
ਅਪਣੇ ਮਨ-ਚਾਹੀਆਂ ਸਿਆੜਾਂ ਪਾਣ ਲਈ
ਕਰ ਰਹੇ ਨੇ ਇਕ ਦੂਜੇ ਨੂੰ ਮਿਟਾਉਣ ਦੇ ਉਪਾ,
ਵਰ ਰਹੇ ਨੇ ਮੌਤ ਦੇ ਕਲਮੂਹੇਂ ਜ਼ਹਿਰੀਲੇ ਖ਼ੁਦਾ,
ਤੈਨੂੰ ਨਫ਼ਰਤ ਉਨ੍ਹਾਂ ਤੋਂ ਹੋ ਜਾਏਗੀ ;
ਜਨਮ ਕੇ ਸ਼ੈਤਾਨੀਅਤ ਦੀ ਕੁੱਖ 'ਚੋਂ
ਇਹ ਤੇਰੀ ਮਾਸੂਮੀਅਤ ਕੁਰਲਾਏਗੀ ;
ਸ਼ਰਮ ਫਿਰ ਬਾਪੂ ਨੂੰ ਤੈਥੋਂ ਆਏਗੀ ।
ਇਸ ਲਈ ਬਚਪਨ 'ਚ ਰਹਿ
ਪਰੀਆਂ 'ਚ ਰਹਿ, ਖੇਡਾਂ 'ਚ ਰਹਿ :

ਖੇਡ ਲੈ ਬੱਚੇ ਮੇਰੇ ਤੂੰ ਖੇਡ ਲੈ ! ੫੦

ਤੇਰੀ ਦੁਨੀਆ ਵਿਚ ਨੇ ਪਰੀਆਂ ਦੇ ਘਰ—
ਨਿੱਕੇ ਨਿੱਕੇ, ਚਿੱਟੇ ਚਿੱਟੇ, ਸਾਫ਼ ਸਾਫ਼ ;
ਮੇਰੀ ਦੁਨੀਆ ਵਿਚ ਨੇ ਬੰਦਿਆਂ ਦੇ ਦਿਲ—
ਕਾਲੇ ਕਾਲੇ, ਮੈਲੇ ਮੈਲੇ, ਤੰਗ ਤੰਗ ;
ਮਰ ਚੁਕੀ ਹੈ ਮੇਰੀ ਮਾਨੁੱਖਤਾ ਦੀ ਸੂਝ,
ਭਿਟ ਚੁਕੀ ਹੈ ਮੇਰੀ ਦੁਨੀਆ ਦੀ ਅਕਲ,
ਅਜ ਕਪਟ-ਮਾਰੀ ਮੇਰੀ ਦੁਨੀਆ ਲਈ
ਤੇਰੀ ਅਲ੍ਹੜ ਸਾਦਗੀ ਧਰਵਾਸ ਹੈ ।
ਤੇਰੀ ਜਾਦੂ-ਰੂਪ ਚੰਗਿਆਈ ਦੀ ਛੁਹ
ਅਜ ਮਨੁੱਖਤਾ ਲਈ ਅਖ਼ੀਰੀ ਆਸ ਹੈ । ੬੦
ਅੱਜ ਲਾਅਨਤ ਹੈ ਮੇਰੀ ਦੁਨੀਆ ਲਈ,
ਤੇਰੀ ਦੁਨੀਆ ਵਾਸਤੇ ਸ਼ਾਬਾਸ ਹੈ !
ਖੇਡ ਲੈ ਬੱਚੇ ਮੇਰੇ ਤੂੰ ਖੇਡ ਲੈ !

ਫ਼ੀਰੋਜ਼ਪੁਰ ੨੦ ਅਪ੍ਰੈਲ ੧੯੫੪

SIKHBOOKCLUB.COM

ਧਰਮ ਦੇ ਬੀਤ ਰਹੇ ਜੁਗ ਚਾਰ

SIKHBOOKCLUB.COM

ਬੀਤ ਰਹੇ ਜੁਗ ਚਾਰ :
ਲੰਙੇ ਹੋ ਗਏ ਪੈਰ ਧਰਮ ਦੇ
ਮਚ ਰਹੀ ਹਾਹਾਕਾਰ !

ਆਦ ਜੁਗਾਦਾਂ ਤੋਂ ਇਨਸਾਨ,
ਅਪਣੇ ਚੌਗਿਰਦੇ ਦਾ ਬਰਦਾ,
ਅਪਣੇ ਚੌਗਿਰਦੇ ਤੋਂ ਡਰਦਾ,
ਜਿਸ ਚੌਗਿਰਦੇ ਵਿਚ ਵਿਚਰਦਾ,
ਉਸ ਦੀ ਬਹੁ ਰੰਗੀ ਸ਼ਕਤੀ ਦਾ
ਕਰਨ ਲਗਾ ਸਨਮਾਨ ।

ਕੁਦਰਤ 'ਚੋਂ ਉਸ ਘੜੇ ਦੇਵਤੇ ੧੦
ਤਕੜੇ ਤੇ ਬਲਵਾਨ –
ਜਿਨ੍ਹਾਂ ਨੂੰ ਉਸ ਨੇ ਬਾਹਾਂ ਲਾਈਆਂ
ਦੋ ਦੀ ਥਾਂ ਤੇ ਚਾਰ,
ਜਿਨ੍ਹਾਂ ਨੂੰ ਤਿੰਨ ਤਿੰਨ ਅੱਖਾਂ ਲਾਈਆਂ –
ਇਕ ਮਸਤਕ ਵਿਚਕਾਰ –
ਫਿਰ ਉਨ੍ਹਾਂ ਲਈ ਵਾਹਨ ਬਣਾਏ,
ਫਿਰ ਉਨ੍ਹਾਂ ਦੇ ਬੁੱਤ ਬਣਾਏ,
ਇਕਲਵੰਝੇ ਜਹੇ ਫੇਰ ਇਹ
ਬੁੱਤ ਕਿਸੇ ਥਾਂ ਆਣ ਟਿਕਾਏ,
ਥਾਪ ਲਏ ਭਗਵਾਨ ! ੨੦

ਜੁਗਾਂ ਜੁਗਾਂ ਤੋਂ ਆਦਮ-ਪੁਤ ਨੇ
ਲੱਖਾਂ ਟੱਲ ਖੜਕਾਏ ;
ਜੁਗਾਂ ਜੁਗਾਂ ਤੋਂ ਸੰਖ-ਨਾਦ ਨੇ
ਲਖ ਸ਼ਰਧਾਵਾਨਾਂ ਦੇ ਤਾਈਂ
ਇਕ ਮਿੱਟੀ ਦੀ ਮੂਰਤ ਸਾਹਵੇਂ
ਲੱਖਾਂ ਨਾਚ ਨਚਾਏ ।
ਜਗਦੇ ਦੀਪ, ਚਮਕਦੇ ਮੋਤੀ,
ਲਿਸ਼ ਲਿਸ਼ ਕਰਦੇ ਨੈਣ,

ਇਕ ਮਿੱਟੀ ਦੀ ਮੂਰਤ ਸਾਹਵੇਂ
ਲੱਖ ਭੁਆਟੀਆਂ ਲੈਣ ! ੩੦
ਲੱਖਾਂ ਕੰਠ ਆਦਮ ਦੇ ਪਾਟੇ
ਲੱਖ ਮੁੰਦਰਕਾਂ ਪਈਆਂ ;
ਲੱਖ ਚਟਾਕ ਮੱਥੇ ਤੇ ਪੈ ਗਏ,
ਛੂਣੀਆਂ ਘਸ ਘਸ ਗਈਆਂ ।

ਕਈ ਕਰੋੜ ਦੇਵਤੇ ਬਣ ਗਏ,
ਕਈ ਕਰੋੜਾਂ ਦੈਂਤ ਉਗਮ ਪਏ,
ਮਲ ਬੈਠੇ ਅਸਮਾਨ ।
ਦੈਂਤ ਬਣੇ ਬਿਰਤੀ ਦੇ ਮਾਲਕ,
ਦੇਵ ਹੋਏ ਸ਼ਰਧਾ ਦੇ ਪਾਤਰ ;
ਜੁਗਾਂ ਜੁਗਾਂ ਤਕ ਇਵੇਂ ਮਨੁੱਖ ਦੀ ੪੦
ਹੁੰਦੀ ਰਹੀ ਕਲਿਆਣ ।

ਲੁਡਦੇ ਜੀਵ, ਕਲਪਦੇ ਹਿਰਦੇ,
ਮਿੰਨਤਾਂ ਕਰਦੇ ਹਾਰੇ,
ਪਰ ਪੱਥਰਾਂ ਵਿਚ ਜਾਨ ਨ ਮੌਲੇ
ਬੈਠੇ ਰਹਿਣ ਨਿਆਰੇ ।
ਵਰਤੇ ਕਾਲ, ਵਬਾਵਾਂ ਘੁਲੀਆਂ

ਟੁੱਟੇ ਕਹਿਰ, ਹਨੇਰੀਆਂ ਝੁਲੀਆਂ,
ਭੰਬ ਭਿਆਨਕ ਆਏ –
ਪਰ ਉਹ ਚਹੁੰ ਚਹੁੰ ਬਾਹਾਂ ਵਾਲੇ,
ਪਰ ਉਹ ਤਿੰਨ ਤਿੰਨ ਅੱਖਾਂ ਵਾਲੇ ੫੦
ਸੁਰਤ ਲੈਣ ਨਾ ਆਏ।
ਫਿਰ ਵੀ ਬਿਪਤਾ ਮਾਰੇ ਬੰਦੇ
ਨਿਤ ਦਿਨ ਭਜਦੇ ਆਏ;
ਅਪਣੇ ਥਾਪੇ ਮਹਾਂਦੇਵ ਦੇ
ਅਗਮ-ਨਿਗਮ ਬੂਹੇ ਦੇ ਉੱਤੇ
ਸ਼ਰਧਾ ਲੈ ਕੇ ਧਾਏ।
ਭਾਵੇਂ ਦੇਵ ਬਦਲਦੇ ਆਏ,
ਪਰ ਸ਼ਰਧਾ ਨਾ ਬਦਲੀ;
ਅਪਦਾ ਵਿਚੋਂ ਉਪਜੀ ਸ਼ਰਧਾ
ਬਦਲ ਕਿਸਤਰ੍ਹਾਂ ਜਾਏ? ੬੦
ਸ਼ਰਧਾ ਵਿਚ ਕੋਈ ਫ਼ਰਕ ਨ ਆਏ!

ਸ਼ਰਧਾ ਖ਼ਾਤਰ ਦਿੱਤੀਆਂ ਗਈਆਂ
ਲੱਖ ਜਿੰਦਾਂ ਦੀਆਂ ਬਲੀਆਂ,
ਸ਼ਰਧਾ ਖ਼ਾਤਰ ਰੋਲੀਆਂ ਗਈਆਂ
ਲੱਖ ਪੈਰਾਂ ਵਿਚ ਕਲੀਆਂ;

SIKHBOOKCLUB.COM

ਆਪ-ਮੁਹਾਰੀਆਂ ਲਖ ਜਿੰਦੜੀਆਂ,
ਸੋਚ ਸਮਝ ਕੇ, ਹੱਸਦੀਆਂ ਹੱਸਦੀਆਂ,
ਇਸ ਸ਼ਰਧਾ ਦੇ ਹਵਨ-ਕੁੰਡ ਵਿਚ
ਵਾਂਗ ਅਹੂਤੀ ਸੜੀਆਂ !
ਸ਼ਰਧਾ ਬਣੀ ਅਛੀਮ ਜੁਗਾਂ ਦੀ : ੭੦
ਸੜ ਸੜ ਮੋਏ ਸ਼ਹੀਦ ਅਨੇਕਾਂ
ਲੜ ਲੜ ਹੁੱਟੇ ਗ਼ਾਜ਼ੀ,
ਸਿਦਕ ਦੀ ਖ਼ਾਤਰ, ਧਰਮ ਦੀ ਖ਼ਾਤਰ,
ਲਾਈ ਜਿਨ੍ਹਾਂ ਨੇ ਬਾਜ਼ੀ ;
ਪਰ ਨ ਅਪਦਾ ਟਲੀ ਮਨੁੱਖ ਦੀ ;
ਸਦੀਆਂ ਦੀ ਬੀਮਾਰ ਮਨੁੱਖਤਾ
ਹੋ ਨਾ ਸਕੀ ਰਾਜ਼ੀ ।

ਅੱਖੋਂ ਅੰਨ੍ਹੀ ਇਸ ਸ਼ਰਧਾ ਨੇ
ਸੌ ਸੰਗਰਾਮ ਮਚਾਏ ;
ਇਕੋ ਰੱਬ ਨੂੰ ਮੰਨਣ ਵਾਲੇ, ੮੦
ਕੇਵਲ ਨਾਂਵਾਂ ਦੇ ਅੰਤਰ ਤੋਂ,
ਰਣ-ਭੂਮੀ ਵਿਚ ਆ ਟਕਰਾਏ ।
ਯੂਰਪ ਤੇ ਏਸ਼ੀਆ ਦੀ ਭੋਂ ਤੇ,
ਆਰੀਆਂ ਦੀ ਪਾਵਨ ਧਰਤੀ ਤੇ,
ਲਹੂ ਦੇ ਲੇਪ ਕਰਾਏ ।

ਸ਼ਰਧਾ ਨੂੰ ਹੀ ਕੁਹ ਕੇ ਸੁਟ ਗਏ
ਸ਼ਰਧਾ ਦੇ ਹਲਕਾਏ ।

ਮਚ ਗਈ ਹਾਏ ਹਾਏ !
'ਆਵੇ ਨੀ, ਕੋਈ ਸਜਰਾ ਰਾਹ ਵਿਖਾਏ,
ਆਵੇ ਨੀ, ਕੋਈ ਧਰਮ ਨੂੰ ਰਸਤੇ ਪਾਏ ! ੯੦

੨

ਆਖ਼ਰ ਸ਼ਰਧਾ ਦੀ ਕੁਖੜੀ 'ਚੋਂ
ਮੁਨਕਰ ਖੋਜੀ ਜੰਮੇ ।
ਖੋਜ ਦੀਆਂ ਬੇਖ਼ੌਫ਼ ਭੁਜਾਂ ਨੇ,
ਪੈਰ ਧਰਮ ਦੇ ਭੰਨੇ ।

ਖੋਜ ਨੇ ਸ਼ੰਕੇ ਲਖ ਉਪਾਏ,
ਸ਼ੰਕਾ ਗਿਆਨ ਦਾ ਮੂਲ ;
ਸ਼ੱਕੀ ਜਾਪੇ ਗਿਆਨ ਦੀ ਅੱਖ ਨੂੰ
ਬੁੱਢੇ ਕਈ ਅਸੂਲ :—
'ਧਰਤ ਨੂੰ ਬਣਿਆਂ, ਕਿਹੜਾ ਮੰਨੇ,
ਬੀਤੇ ਗਿਣਵੇਂ ਸਾਲ ?' ੧੦੦
'ਕਿਹੜਾ ਮੰਨੇ, ਪਲ ਵਿੱਚ ਪਹੁੰਚੇ
ਉਡਦਾ ਗਰੜ-ਸਵਾਰ ?'
'ਕਿਹੜਾ ਬਲਦ ਏ ਜੋ ਸਿੰਙਾਂ ਤੇ

ਧਰਤੀ ਰਿਹੈ ਖਲ੍ਹਾਰ ?'
'ਛੇ ਦਿਨ ਵਿਚ ਕੁਲ ਸ੍ਰਿਸ਼ਟੀ ਰਚ ਕੇ
ਕਿਹੜਾ ਰੱਬ ਏ ਜੋ ਸਤਵੇਂ ਦਿਨ
ਰਿਹੈ ਖਰਾਂਟੇ ਮਾਰ ?'
ਮਾਨੁੱਖ ਦਾ ਮਨ ਸ਼ੰਕਿਆਂ ਭਰਿਆ
ਪੁੱਛੇ ਸੌ ਸੌ ਵਾਰ !
ਫਟੇ-ਪੁਰਾਣੇ ਕਪੜਿਆਂ-ਹਾਰ ੧੧੦
ਲਾਹ ਕੇ ਪਰ੍ਹਾਂ ਵਗਾਏ ਮਨੁੱਖ ਨੇ
ਸਮੇਂ ਦੇ ਖਾਧੇ ਹੋਏ ਪੁਰਾਣੇ
ਬੇ-ਬੁਨਿਆਦ ਵਿਚਾਰ ।

SIKHBOOKCLUB.COM

ਅਜ ਕਿੱਥੇ ਉਹ ਰੱਬ ਪੁਰਾਣੇ,
ਅਜ ਕਿੱਥੇ ਉਹ ਦੇਵ ਚਿਰਾਣੇ,
ਕਿਤ ਵਲ ਗਏ ਪਧਾਰ ?
ਮਾਨਵਤਾ ਦੇ ਮਨ 'ਚੋਂ ਨਸ ਕੇ
ਪਰੀਆਂ ਦੇ ਟਾਪੂ ਦੇ ਅੰਦਰ
ਦੂਰ ਸਮੁੰਦਰੋਂ ਪਾਰ,
ਲੁਕ ਕੇ ਜਾ ਬੈਠੇ ਨੇ ਖਬਰੇ ੧੨੦
ਕੁੰਜੀਆਂ ਜੰਦਰੇ ਮਾਰ ।
ਜੁਗਾਂ ਜੁਗਾਂ ਦੀ ਧੂੜ ਉਨ੍ਹਾਂ ਦੇ

ਮਸਤਕ ਰਹੀ ਸੁਆਰ;
ਮੁਢ-ਕਦੀਮੀ ਜਾਲਾ ਉਣਦੀ
ਬੁਢ-ਕਦੀਮੀ ਮਕੜੀ—
ਇਨ੍ਹਾਂ ਚਿਰਾਣੇ ਦੇਵਤਿਆਂ ਦਾ
ਮਿਣ ਰਹੀ ਪਾਰ ਉਰਾਰ;
ਸਿਉਂਕ ਉਨ੍ਹਾਂ ਦੇ ਚਰਨਾਂ ਉੱਤੋਂ
ਜਾਵੇ ਪਈ ਬਲਿਹਾਰ!

੩

ਸਦੀਆਂ ਲੰਘਦੀਆਂ ਜਾਣ। ੧੩੦
ਵਧਦੀ ਜਾਵੇ ਖੋਜ ਮਨੁੱਖ ਦੀ,
ਵਧਦੀ ਜਾਵੇ ਧੂੜ ਬੁੱਤਾਂ ਤੇ,
ਵਧਦਾ ਜਾਏ ਮਕੜੀ ਦਾ ਜਾਲਾ,
ਵਧਦਾ ਜਾਵੇ ਗਿਆਨ!

ਨਵਾਂ ਨਵੇਰਾ ਗਿਆਨ,
ਮਾਨੁੱਖ-ਮਨ ਵਿੱਚ ਕਰਦਾ ਜਾਵੇ
ਨਵੀਂ ਸੋਚ ਬਲਵਾਨ।
ਸ਼ੰਕਿਆਂ ਨੇ ਸਭ ਢਾਹੇ ਮੁਨਾਰੇ
ਧਰਮਾਂ, ਭਰਮਾਂ, ਕਰਮਾਂ ਵਾਲੇ;
ਅਜ ਇਸ ਮਲਬੇ ਦੀ ਢੇਰੀ ਤੋਂ ੧੪੦

ਸੂਝ ਨਵੇਰੀ ਜਾਗੀ,
ਉਪਜੇ ਨਵੇਂ ਨਵੇਰੇ ਖ਼ਿਆਲ।
ਅਜ ਮਨੁੱਖ ਦੇ ਦਿਲ 'ਚੋਂ ਉੱਠੇ
ਸਜਰੇ ਕਈ ਸੁਆਲ :
ਠੀਕ, ਕਿ ਪਹਿਲਾਂ ਇਹ ਗੋਲਾ ਸੀ
ਲਾਵੇ ਵਾਙੂ ਸੜਦਾ ਸੜਦਾ,
ਵਿਚ ਪੁਲਾੜ ਚੌਂਕੜੀ ਭਰਦਾ,
ਅਪਣੇ ਮਹਿਵਰ ਗਿਰਦ ਕਿ ਜਿਹੜਾ
ਘੁੰਮਦਾ ਘੁੰਮਦਾ ਜਾਏ, —
ਅਪਣੇ ਨਾਲ ਹਵਾੜਾਂ ਦਾ ੧੫੦
ਇਕ ਮੰਡਲ ਨਾਲ ਘੁੰਮਾਏ —
ਕੁਲ ਬ੍ਰਹਿਮੰਡ ਤੇ ਕੁਲ ਤਾਰਾਗਣ
ਇਸੇ ਪਿਤਾ ਦੇ ਜਾਏ,
ਇਸ 'ਚੋਂ ਲੱਖ ਲੱਖ,
ਉੱਡ ਉੱਡ, ਨੱਠ ਨੱਠ,
ਪੈ ਗਏ ਅਪਣੇ ਰਾਹੇ ;
ਕਿਹੜੇ ਨੇਮ 'ਚ ਪਰ ਇਹ ਗੋਲਾ
ਟੁਟਦਾ ਭਜਦਾ ਜਾਏ ?
ਕਿਹੜੇ ਹੁਕਮ 'ਚ ਟੋਟੇ ਇਸ ਦੇ
ਪੈ ਗਏ ਐਸੇ ਰਾਹੇ, ੧੬੦

ਜਿਸ ਤੇ ਤੁਰਦਿਆਂ ਅਜੇ ਤੀਕ ਨਹੀਂ
ਆਪਸ ਵਿੱਚ ਟਕਰਾਏ ?

ਠੀਕ, ਕਿ ਜੀਵਨ ਧਰਤੀ ਉੱਤੇ
ਪਹਿਲਾਂ ਨਿੱਕੇ ਜੀਵਾਂ ਰਾਹੀਂ
ਪਾਣੀਆਂ ਅੰਦਰ ਤਰਿਆ,
ਫਿਰ ਖ਼ੁਸ਼ਕੀ ਦੇ ਵਿੱਚ ਵਿਚਰਿਆ,
ਫਿਰ ਆਕਾਸ਼ਾਂ ਅੰਦਰ ਉੱਡਿਆ,
ਫਿਰ ਇਹ ਦੁੱਧ-ਪਿਆਵਣ-ਵਾਲੇ
ਜੀਵਾਂ ਵਿੱਚ ਸਮਾਇਆ —
ਐਪਰ ਕਿਹੜੀ ਛੁਹ ਨੇ ਪਹਿਲਾਂ ੧੭੦
ਉਸ ਮੁਢਲੇ ਮੁਰਦਾ ਮਾਦੇ ਵਿਚ
ਜੀਉਂਦਾ ਦਿਲ ਧੜਕਾਇਆ ?
ਕਿਉਂ ਇਕ ਸੂਤਰ ਵਿੱਚ ਪਰੁੱਤੀ,
ਜੁਗਾਂ ਜੁਗਾਂ ਤੋਂ ਵਸਦੀ ਰਸਦੀ,
ਇਕ ਅਣਟੁਟ ਵਿਕਾਸ-ਸਿਖਰ ਵਲ
ਜ਼ਿੰਦਗੀ ਤੁਰਦੀ ਜਾਏ ?
ਕੁਲ ਦੁਨੀਆ ਵਿੱਚ ਪਸਰੀ ਸੱਤਾ
ਕਿਸ ਮੁਢਲੀ ਸੱਤਾ 'ਚੋਂ ਆਏ ?
ਮਾਨੁੱਖ ਨੂੰ ਕੋਈ ਸਮਝ ਨ ਆਏ !

ਅਜ ਮੁੜ ਬੰਦੇ ਦੀ ਹਿਕੜੀਂ ਵਿਚ ੧੮੦
ਸੁਰ ਸੁਰ ਹੁੰਦੀ ਜਾਪੇ,
ਨਕਸ਼-ਨੁਹਾਰ ਨ ਪੂਰੀ ਇਸ ਦੀ
ਹਾਲੇ ਤੀਕ ਸਿੰਞਾਪੇ,
ਮੱਧਮ ਮੱਧਮ ਰੇਖਾਂ 'ਚੋਂ
ਕੋਈ ਰੂਪ ਉਘੜਦਾ ਆਏ ;
ਮਾਨੁੱਖ ਨੂੰ ਕੋਈ ਸਮਝ ਨ ਆਏ !

ਖੋਜ 'ਚੋਂ ਬਣਿਆ ਜਿਹੜਾ ਕਾਫ਼ਰ,
ਖੋਜ 'ਚੋਂ ਹੀ ਮੁੜ ਬਣਦਾ ਜਾਪੇ
ਕਿਸੇ ਨਰੋਈ ਸ਼ਰਧਾ ਵਾਲਾ
ਮੋਮਨ ਗਹਿਰ-ਗੰਭੀਰ । ੧੯੦
ਧਰਮ ਖੜੇ ਦਿਲਗੀਰ,
ਦੇਵ ਖੜੇ ਦਿਲਗੀਰ,
ਭੇਖ ਖੜੇ ਦਿਲਗੀਰ,
ਭਰਮਾਂ ਵਿਚੋਂ ਉੱਠ ਕੇ ਬੰਦਾ,
ਧਰਮਾਂ ਵਿਚੋਂ ਉੱਠ ਕੇ ਬੰਦਾ,
ਇਕ ਸਜਰੇ ਵਿਸਮਾਦ ਜਹੇ ਵਿਚ
ਗੁੰਮਦਾ ਗੁੰਮਦਾ ਜਾਏ ।

ਜਿਉਂ ਜਿਉਂ ਗਿਆਨ ਥੇਹਾਂ ਨੂੰ ਖੋਦੇ,
ਜਿਉਂ ਜਿਉਂ ਭੇਦ ਅਨੋਖੇ ਲੱਭੇ,
ਤਿਉਂ ਤਿਉਂ ਨਿੰਵਦਾ ਜਾਏ। ੨੦੦
ਇਕ ਸਜਰੀ ਸ਼ਰਧਾ ਦਾ ਜਗ ਤੇ
ਰੂਪ ਮੌਲਦਾ ਆਏ।
ਮਾਨਵਤਾ ਦੇ ਆਕੀ ਦਿਲ ਵਿੱਚ
ਨੂਰ ਉਮਲ੍ਹਦਾ ਆਏ,
ਅੱਜ ਮਨੁੱਖ ਇਕ ਨਵੇਂ ਰੱਬ ਦੀ
ਘਾੜਤ ਘੜਦਾ ਜਾਏ!

ਬੀਤ ਰਹੇ ਜੁਗ ਚਾਰ :
ਅਜ ਬੰਦਾ ਮੁੜ ਬਣਦਾ ਜਾਪੇ
ਰੱਬ ਦਾ ਸਿਰਜਣਹਾਰ!

ਅੰਮ੍ਰਿਤਸਰ ੧੦ ਫ਼ਰਵਰੀ ੧੯੫੩

SIKHBOOKCLUB.COM

ਜ਼ਿੰਦਗੀ ਤੇਰੀ ਰਹੇ

SIKHBOOKCLUB.COM

ਇਕ ਜ਼ਮਾਨਾ ਸੀ ਕੋਈ :
ਧਰਤੀ ਦੀ ਜੰਗਲੀ ਹਿੱਕ ਤੇ,
ਹਾਥੀਆਂ ਤੋਂ ਟਨਾਂ ਭਾਰੇ
ਗਜ਼ਾਂ ਲੰਮੇ ਜਾਨਵਰ,
ਅਪਣੀਆਂ ਵਲਦਾਰ ਪੂਛਾਂ
ਦਲਦਲਾਂ ਵਿਚ ਮਾਰਦੇ,
ਅਪਣੀਆਂ ਧੌਣਾਂ ਜਿਰਾਫ਼ੀ
ਅਧ-ਅਕਾਸ਼ੀਂ ਤਾਰਦੇ,
ਅਪਣੇ ਪੈਰਾਂ ਨਾਲ
ਧਰਤੀ ਦਾ ਕੰਬਾਂਦੇ ਅੰਗ ਅੰਗ,

ਬੰਨ੍ਹ ਕੇ ਡਾਰਾਂ, ਕਤਾਰਾਂ
ਸਨ ਚੁਪਾਸੀਂ ਵਗਦੇ ;
ਅੱਜ ਪਰ ਓਨ੍ਹਾਂ ਦੇ ਪਿੰਜਰ
ਵੀ ਮਸਾਂ ਨੇ ਲੱਭਦੇ :
ਸਾਂਭ ਕੇ ਧਰਤੀ ਨੇ
ਅਪਣੀ ਨਰਮ ਨਾਜ਼ਕ ਹਿੱਕ ਵਿੱਚ,
ਜੋ ਲੁਕਾ ਰੱਖੇ ਨੇ, ਖ਼ਬਰੇ,
ਭੇਦ ਕੋਈ ਜਾਣ ਕੇ ।

ਅਰਬ-ਖ਼ਰਬਾਂ ਖ਼ੂਹਣੀਆਂ
ਅਨਹਦ ਸਮੇਂ ਨੇ ਖਾਧੀਆਂ — ੨੦
ਚੋਣ ਵਿਚ ਕੁਦਰਤ ਦੀ
ਲੱਖਾਂ ਮਿਟ ਗਏ ਜੀਵਨ-ਨਿਸ਼ਾਨ ;
ਕੀ ਪਤਾ ਏ : ਕਿਸ ਨੂੰ ਕਲ੍ਹ
ਖਾ ਜਾਏ ਭੁੱਖਾ ਅਸਮਾਨ ?
ਕੀ ਪਤਾ ਏ : ਕਲ੍ਹ ਜ਼ਿਮੀਂ ਦੀ
ਨੀਤ ਹੋ ਜਾਣੀ ਏ ਕੀ ?
ਸਾਗਰਾਂ ਦੇ, ਪਰਬਤਾਂ ਦੇ,
ਪੌਣ ਦੇ ਆਚਰਨ ਦੀ
ਰੀਤ ਹੋ ਜਾਣੀ ਏ ਕੀ ?

SIKHBOOKCLUB.COM

ਆਉਣ ਵਾਲੇ ਬਰਫ਼-ਜੁਗ ਵਿਚ, ੩੦
ਕੀ ਪਤਾ ਏ
ਕੌਣ ਹੋ ਜਾਏ ਵਿਨਾਸ਼ ?
ਪਰ ਕਿਸੇ ਉੱਨਤ-ਸਿਖਰ ਵਲ
ਜਾ ਰਿਹਾ ਸੀ, ਜਾ ਰਿਹਾ ਹੈ,
ਜਾਏਗਾ ਜੀਵਨ-ਵਿਕਾਸ !

ਬਹੁਤ ਹੀ ਅਸਚਰਜ ਨੇ
ਕੁਦਰਤ ਦੇ ਢੰਗ :
ਆਪ ਅਪਣੇ ਜਾਏ ਖਾ ਕੇ,
ਆਪਣੇ ਹਮਸਾਏ ਖਾ ਕੇ,
ਨੱਚਣਾ ਦਿਲ-ਧੜਕਨਾਂ ਦੇ ਤਾਲ ਤੇ ; ੪੦
ਇਹ ਹੈ ਜੀਵਨ ਦੀ ਅਦਾ
ਮਸਤਾਨਗੀ ਦੀ ਚਾਲ ਤੇ ।

ਚੋਣ ਕੁਦਰਤ ਦੀ ਬੜੀ ਬੇ-ਤਰਸ ਹੈ,
ਲਹਿਰ ਜੀਵਨ ਦੀ ਬੜੀ ਬੇ-ਖ਼ੌਫ ਹੈ :
ਕੋਈ ਘਟੀਆ ਜੂਨ ਬਚ ਸਕਦੀ ਨਹੀਂ,
ਕੋਈ ਨਿਰਬਲ ਠਹਿਰ ਨਹੀਂ ਸਕਦਾ ਨਜ਼ਾਮ ;
ਹੋਂਦ ਤੇ ਅਣਹੋਂਦ ਦੇ

ਕੰਢਿਆਂ ਨੂੰ ਖਹਿਸਰ ਮਾਰਦਾ —
ਮਸਤ ਅਪਣੇ ਆਪ ਵਿਚ —
ਜਾ ਰਿਹੈ ਜੀਵਨ ੫੦
ਵਿਕਾਸ-ਆਦਰਸ਼ ਵਲ,
ਨੀਝ ਲਾਈ ਉੱਨਤੀ ਦੇ ਅਰਸ਼ ਵਲ।

ਲਹਿਰ ਹੈ ਇਕ,
ਵਹਿਣ ਹੈ ਇਕ,
ਸੇਧ ਹੈ ਇਕ ਵੇਗ ਦੀ,
ਰੌ ਹੈ ਐਸੀ ਜ਼ਿੰਦਗੀ ਦੀ
ਰੋਕ ਨਹੀਂ ਕੋਈ ਵੇਖਦੀ।
ਪਾਰ ਹੈ ਇਸ ਵਹਿਣ ਦੇ ਮੰਜ਼ਲ —
ਮਗਰ ਮੰਜ਼ਲ ਹੈ ਕੀ ?
ਇਹ ਨਹੀਂ ਮਾਲੂਮ ੬੦
ਪਰ ਉਸ ਪਾਰ ਵੀ ਹੈ ਜ਼ਿੰਦਗੀ।

ਵਿਉਂਤ ਕਿਸ ਸ਼ਕਤੀ ਦੀ ਹੈ
ਜੀਵਨ ਨੂੰ ਰਾਹੇ ਪਾਣ ਦੀ ?
ਕਿਸ ਜਗ੍ਹਾ ਲਾਣੀ ਹੈ ਬੇੜੀ ? —
ਇਹ ਉਹੋ ਹੈ ਜਾਣਦੀ !

SIKHBOOKCLUB.COM

ਤੂੰ ਵੀ ਬੇੜੀ ਆਪਣੀ
ਇਸ ਵਹਿਣ ਅੰਦਰ ਛੋੜ ਦੇ;
ਲਹਿਰ ਨੂੰ ਕਰ ਲੈ ਕਿਨਾਰਾ,
ਚਪਿਆਂ ਨੂੰ ਤੋੜ ਦੇ।
ਦੇਖਣਾ, ਲਹਿਰਾਂ ਦੇ ਵਾਛੂ ੭੦
ਸੇਧ ਵਿੱਚ ਬੇੜੀ ਰਹੇ,
ਤੂੰ ਰਹੇਂ ਫਿਰ ਜ਼ਿੰਦਗੀ ਲਈ,
ਜ਼ਿੰਦਗੀ ਤੇਰੀ ਰਹੇ।

ਅੰਮ੍ਰਿਤਸਰ ੨੪ ਅਪ੍ਰੈਲ ੧੯੫੪

SIKHBOOKCLUB.COM



ਜੋਤਕਾਰ

੧

ਨਾ ਰੂਹ ਹੋਰ, ਨ ਵਖਰੀ ਮਿੱਟੀ, ਨਾ ਕੋਈ ਵਖਰਾ ਮੇਲ ;
ਮਿੱਟੀ, ਰੂਹ ਦਾ ਨਾਚ ਨੱਚੇ; ਤੇ ਰੂਹ, ਮਿੱਟੀ ਦਾ ਖੇਲ !

ਨਾ ਵਖ ਦੀਪ, ਨ ਵਖਰੀ ਵੱਟੀ, ਨਾ ਕੋਈ ਜੋਤ ਅਲਹਿਦਾ,
ਜੋਤਕਾਰ ਨੇ ਆਪ ਜੋਤ ਦੇ : ਦੀਵਾ, ਵੱਟੀ, ਤੇਲ !

SIKHBOOKCLUB.COM

੨

ਬੱਤੀ ਕਾਇਮ, ਤੇਲ ਨੱਕੋ ਨੱਕ, ਜੋਤ ਨ ਨਜ਼ਰੀਂ ਆਵੇ,
ਲਟ ਲਟ ਜੋਤ ਜਗੇ ਜਦ ਕੋਈ ਚੰਚਲ ਚਿਣਗ ਛੁਹਾਵੇ !
ਲਾਟ ਬਿਨਾਂ ਹੈ ਮਿੱਟੀ ਦੀਵਾ, ਹੰਸ ਬਿਨਾਂ ਤਨ ਢੇਰੀ,
ਰੂਹ ਮਿੱਟੀ ਦਾ ਖੇਲ ਹੈ ਭਾਵੇਂ, ਚਿਣਗ ਕਿਥਾਉਂ ਆਵੇ । ੮

ਅੰਮ੍ਰਿਤਸਰ ੧੮ ਨਵੰਬਰ ੧੯੫੪



ਉਹਲੇ

SIKHBOOKCLUB.COM

SIKHBOOKCLUB.COM

ਇਹ ਕੋਈ ਭੁੱਖ ਮਨੁੱਖ ਦੇ ਰੂਹ ਦੀ

SIKHBOOKCLUB.COM

ਬੀਤੇ ਦੀਆਂ ਧੁੰਦਾਂ ਦੇ ਉਹਲੇ,
ਜੁਗਾਂ ਦੇ ਪਰਲੇ ਪਾਰ,
ਦੁਨੀਆ ਵਿੱਚ ਘੁਮਕਾਰ ਮਚਾਂਦੀ
ਅਚਰਜ ਕੋਈ ਨੁਹਾਰ :
ਦੁਹਰਾ ਉਹਦਾ ਸਰੀਰ ਸੁਡੌਲ,
ਦੋ ਸਿਰ, ਦੋ ਮੂੰਹ, ਦੁਹਰੇ ਬੋਲ,
ਚਾਰ ਚਾਰ ਅਤ ਛੁਹਲੀਆਂ ਲੱਤਾਂ,
ਚਾਰ ਬਿਜਲਵੀ ਬਾਹਵਾਂ,
ਕਲਾਬਾਜ਼ੀਆਂ ਲਾਂਦੀਆਂ ਫਿਰਦੀਆਂ,
ਬ੍ਰਹਿਮੰਡਾਂ ਵਿਚ ਘੁੰਮਰ ਪਾਂਦੀਆਂ, ੧੦

ਮਿਣਦੀਆਂ ਫਿਰਨ ਹਵਾਵਾਂ;
ਧਰਤੀ ਦੀ ਹਿਕ ਸਲਦੀਆਂ ਫਿਰਦੀਆਂ,
ਅਸਮਾਨਾਂ ਨੂੰ ਖੁਣਦੀਆਂ ਫਿਰਦੀਆਂ,
ਸਹਿਮੇ ਫਿਰਨ ਦੇਵਤੇ
ਉਸ ਦੀਆਂ ਵੇਖ ਕੇ ਤੇਜ਼ ਅਦਾਵਾਂ !

ਇਕ ਦੇਵਤਾ ਜਰ ਨ ਸਕਿਆ :
ਲੁਕ ਕੇ ਇਕ ਦਿਨ ਬਦਲਾਂ ਉਹਲੇ
ਮਾਰਿਆ ਉਸ ਨੇ ਤੀਰ,
ਉਸ ਦੁਹਰੀ ਬਿਜਲਈ ਬਣਤ ਨੂੰ
ਜੋ ਅਧਵਾਟਿਓਂ ਚੀਰ, ੨੦
ਲੰਘ ਗਿਆ ਪਰਲੇ ਪਾਰ,
ਫਟ ਕੇ ਉਸ ਦੇ ਟੋਟੇ ਦੋਵੇਂ
ਢਹਿ ਪਏ ਮੂੰਹ ਦੇ ਭਾਰ।
ਪਏ ਰਹੇ ਬੇਸੁਰਤ ਵਿਚਾਰੇ,
ਜੁਗਾਂ ਤੀਕ ਬੇਹਾਲ.....
ਇਕ ਦਿਨ ਆਇਆ ਕੋਈ ਭੁਚਾਲ :
ਜਾਗ ਪਏ ਉਹ ਟੋਟੇ ਦੋਏ,
ਵੇਖ ਕੇ ਅਪਣਾ ਅਧ ਗੁਆਚਾ
ਦੋਵੇਂ ਵਖ ਵਖ ਰੋਏ;

SIKHBOOKCLUB.COM

ਜੁਗਾਂ ਜੁਗਾਂ ਤਕ ਰੋ ਰੋ ਹਾਰੇ; ੩੦
ਓਸ ਗੁਆਚੇ ਅੱਧ ਅਪਣੇ ਨੂੰ
ਲਭਦੇ ਫਿਰਨ ਵਿਚਾਰੇ।

ਅੱਖਾਂ ਦੀਆਂ ਹੱਦਾਂ ਦੇ ਉਹਲੇ,
ਨੀਝ ਦੇ ਪਰਲੇ ਪਾਰ,
ਅਜ ਵੀ ਕੋਈ ਕਿਰਨ ਰੁਪਹਿਲੀ,
ਬਣ ਕੇ ਤੇਜ਼ ਕਟਾਰ,
ਕਿਸੇ ਅਦਿੱਖ ਮੰਡਲ 'ਚੋਂ ਆ ਕੇ,
ਦੋ-ਟੁੱਕ ਕਰ ਜਾਏ ਬੀਜ ਮਨੁੱਖ ਦਾ,
ਜਿਸਮ ਦੇ ਅੰਦਰਵਾਰ।
ਅਜ ਵੀ ਜੀਵਨ ਦੇ ਹੜ ਅੰਦਰ, ੪੦
ਪੂਰਨਤਾ ਦੀ ਖ਼ਾਹਿਸ਼ ਲੈ ਕੇ,
ਸ਼ਕਤੀ ਦੀ ਕਾਠੀ ਤੇ ਬਹਿ ਕੇ,
ਉਹੀ ਗੁਆਚਾ ਅੱਧ ਭਾਲਣ ਨੂੰ
ਠਿਲ੍ਹਣ ਕਈ ਸਵਾਰ।
ਜੀਵਨ, ਮੌਤ ਦੀ ਨਿਤ ਦੀ ਜੰਗ;
ਲੱਖਾਂ ਰਣ-ਭੂਮੀ ਵਿੱਚ ਨਿਪਜਣ,
ਵਿਰਲਾ ਹੀ ਕੋਈ ਨੂਹ ਦਾ ਜਾਇਆ
ਪਹੁੰਚੇ ਪਰਲੇ ਪਾਰ :

ਜੋ ਅਪਣੇ ਆਪੇ ਨੂੰ ਪਾ ਕੇ,
ਅਪਣਾ ਆਪਾ ਵਿਚ ਰਲਾ ਕੇ, ੫੦
ਇਸ ਨਵ-ਮੇਲ 'ਚੋਂ ਕਰ ਲਏ ਪੈਦਾ
ਨਵਾਂ ਕੋਈ ਸੰਸਾਰ !

ਲੱਖਾਂ ਆਸ਼ਕ, ਲੱਖ ਉਪਾਸ਼ਕ,
ਲੱਖ ਦਿਲਬਰ, ਦਿਲਦਾਰ :
ਅਪਣਾ ਆਪਾ ਭਾਲਣ ਕਾਰਨ
ਨਿੱਤ ਲੈਣ ਅਉਤਾਰ।
ਲੱਖਾਂ ਸੱਸੀਆਂ ਖਪ ਖਪ ਮਰਦੀਆਂ,
ਲੱਖਾਂ ਹੀਰਾਂ ਘੁਟ ਘੁਟ ਮਰਦੀਆਂ
ਲੱਖ ਫ਼ਰਹਾਦਾਂ ਦੀਆਂ ਤੇਸੀਆਂ
ਖੋਦਣ ਨਵੇਂ ਪਹਾੜ; ੬੦
ਲੱਖ ਮਜਨੂੰ ਦੇ ਕਾਸੇ ਟੁੱਟਣ,
ਪਰ ਨ ਲਗਨ ਸ੍ਵੈ-ਪੂਰਨਤਾ ਦੀ
ਖਾਏ ਜੁਗਾਂ ਤੋਂ ਹਾਰ।

ਸਮੇਂ ਦੀਆਂ ਧੁੰਦਾਂ ਦੇ ਉਹਲਿਓਂ
ਸੋਚ ਸਮੁੰਦਰੋਂ ਪਾਰ,
ਤੂਰੀ ਇਹ ਭੁੱਖ ਮਨੁੱਖ ਦੇ ਰੂਹ ਦੀ,

ਰੂਹ ਆਦਮ ਵਿੱਚ ਭਰਦੀ ਨੂਹ ਦੀ;
ਇਸੇ ਦੀ ਬਰਕਤ ਨਾਲ :
ਬੇਬਸ ਬੰਦਾ ਲੜਦਾ ਆਇਆ
ਘੋਰ ਤੂਫ਼ਾਨਾਂ ਨਾਲ। ੭੦
ਇਸੇ ਦੀ ਸ਼ਕਤੀ ਵਿਚੋਂ ਜਨਮੇ
ਲਖ ਜੋਧੇ ਵਰਿਆਮ;
ਇਸੇ 'ਚੋਂ ਤਾਂਘ ਅਮੁਕਵੀਂ ਪਾ ਕੇ,
ਸੁਹਜ-ਕਲਾ ਦੇ ਮੁਕਟ ਸਜਾ ਕੇ,
ਮਹਾਂ ਕਲਪਨਾ ਦੇ ਮਧੁ-ਬਨ ਵਿੱਚ,
ਅਨਹਦ-ਵੰਝਲੀ ਦੀਆਂ ਤਾਨਾਂ ਤੇ
ਰਾਸ ਰਚਾਵਣ ਸ਼ਾਮ।
ਇਸੇ ਦੇ ਤਾਂਡਵ ਨਾਚ 'ਚੋਂ ਉਪਜੇ
ਬ੍ਰਹਿਮੰਡਾਂ ਦਾ ਤਾਲ—
ਜਿਸ ਦੀਆਂ ਗੂੰਜਾਂ ਵਿਚ ਵਲ੍ਹੇਟੇ ੮੦
ਧਰਤ, ਅਕਾਸ਼, ਪਤਾਲ;
ਇਸੇ ਦੇ ਘੁੰਗਰੂਆਂ ਦੀ ਛਣ ਛਣ 'ਚੋਂ
ਪਰਗਟੇ ਕੁਲ ਸੰਗੀਤ,
ਇਸੇ ਦੀ ਆਤਮ-ਜਾਗ 'ਚੋਂ ਜਾਗੇ
ਸੁਹਲ-ਕਲਾ ਦੀ ਰੀਤ।
ਲੱਖਾਂ ਮਿਲਟਨ, ਲੱਖਾਂ ਹੋਮਰ,

ਲੱਖਾਂ ਕਾਲੀ ਦਾਸ,
ਇਸ ਸਰਚਸ਼ਮਿਉਂ ਬੁੱਕਾਂ ਭਰ ਭਰ
ਲਾਂਹਦੇ ਆਏ ਪਿਆਸ।
ਇਸੇ ਦਾ ਸੋਨ-ਸੁਨਹਿਰੀ ਝਲਕਾ, ੯੦
ਇਸੇ ਦਾ ਪਾਕ ਜ਼ਹੂਰ,
ਜ਼ਾਹਰ ਜਗ ਵਿੱਚ ਕਰਦਾ ਆਇਆ।
ਆਦ-ਜੁਗਾਦੀ ਨੂਰ।

ਅੱਖਾਂ ਦੀਆਂ ਬੇਨੂਰ ਖਿੜਕੀਆਂ
ਖੋਲ੍ਹ ਨ ਭਾਵੇਂ ਖੋਲ੍ਹ;
ਅਪਣੇ ਦਿਲ ਦੀ ਬੁੱਕਲ 'ਚੋਂ
ਇਹ ਜੋਤ ਪੁਰਾਣੀ ਫੋਲ—
ਉੱਘੜ ਜਾਣ ਸਭ ਰਾਜ਼ ਜ਼ਿਮੀਂ ਦੇ,
ਲੱਥ ਜਾਣ ਅਰਸ਼ਾਂ ਤੋਂ ਪਰਦੇ,
ਨੰਗੇ ਹੋ ਕੇ ਸਾਹਵੇਂ ਤੇਰੇ ੧੦੦
ਕਰਨ ਸਿਤਾਰੇ ਨਾਚ;
ਸੁੰਗੜ ਕੇ ਬ੍ਰਹਿਮੰਡ-ਪਸਾਰੇ,
ਤੇਰੀ ਮੀਟੀ ਮੁੱਠੀ ਅੰਦਰ,
ਗੁੰਮ-ਸੁੰਮ ਜਾਣ ਗੁਆਚ।
ਤੇਰੀ ਰੂਹ ਵਿੱਚ ਇਸ ਦੀ ਛੁਹ ਤੋਂ

SIKHBOOKCLUB.COM

ਜਾਗੇ ਜੋਤ ਮਹਾਨ,
ਸਮੇਂ ਦੀ ਭੋਂ ਤੇ ਤੇਰਾ ਵੀ ਕੋਈ
ਰਹਿ ਜਾਏ ਪੈਰ-ਨਿਸ਼ਾਨ ।

ਅੰਮ੍ਰਿਤਸਰ ੧੯ ਫ਼ਰਵਰੀ ੧੯੫੩



SIKHBOOKCLUB.COM

ਜੀਵਾਂ

ਸ਼ਹਿਰੋਂ ਬਾਹਰ, ਸੜਕ ਤੋਂ ਦੂਰ,
ਝੁੱਗੀਆਂ ਦੇ ਵਿਚਕਾਰ,
ਕੁਝ ਹਰਿਆਵਲ, ਵੇਲਾਂ, ਬੂਟੇ,
ਨਿੱਕੀ ਜਿਹੀ ਗੁਲਜ਼ਾਰ;
ਕਦੇ ਕਦੇ ਸ਼ਾਮਾਂ ਦੇ ਵੇਲੇ
ਸੂਰਜ ਲੁਕਦੇ ਸਾਰ,
ਜਾਂ ਕੁਝ ਬਾਦ, ਸੁਣੀਂਦੀ
ਮਿੱਠੀ ਘੁੰਗਰੂਆਂ ਦੀ ਛਣਕਾਰ;
ਨਾਲੇ ਠਪ-ਠਪ-ਠਪ ਪੈਰਾਂ ਦੀ;
ਛਣ-ਛਣ ਤਾਲਾਂ ਨਾਲ। ੧੦

ਅਚਰਜ ਨਾਚ ਕਰੇ ਕੋਈ ਸੁੰਦਰੀ,
ਖੁਲ੍ਹੇ ਲੰਮੇ ਵਾਲ
ਮੋਢਿਆਂ ਤੇ ਪਏ ਪੈਣ ਓਸ ਦੇ;
ਨੈਣ ਮਸਤ ਬੇ-ਹਾਲ,
ਅੱਧ-ਮੀਟੇ, ਅੱਧ-ਖੁਲ੍ਹੇ,
ਚਿਹਰਾ ਊਸ਼ਾ ਵਾਙੂ ਲਾਲ।

ਕਦੇ ਕਦੇ ਓਹੋ ਮਿਲ ਜਾਵੇ
ਕਿਸੇ ਗਲੀ ਵਿਚਕਾਰ,
ਇਕ ਹੱਥ ਕਾਸਾ, ਦੂਏ ਕਟੋਰਾ,
ਭੁੱਖਾਂ ਭਰੀ ਨੁਹਾਰ। ੨੦
ਮੋਢੇ ਤੋਂ ਲਟਕੇ ਇਕ ਝੋਲੀ
ਗੰਢੀ ਸੌ ਸੌ ਵਾਰ,
ਛਿਜ ਛਿਜ ਉਸ ਦੀਆਂ ਪੈਣ ਟਾਕੀਆਂ,
ਲੀੜੇ ਤਾਰੋ ਤਾਰ;
ਘੱਟੇ ਨਾਲ ਭਰੇ ਹੋਏ ਮੈਲੇ
ਫੁੰਡੇ ਉਸ ਦੇ ਵਾਲ
ਮੋਢਿਆਂ ਤੇ ਪਏ ਢਹਿਣ ਓਸ ਦੇ,
ਨੈਣ ਦੁਖੀ, ਮੰਦ-ਹਾਲ,
ਨੀਵੇਂ, ਧਰਤੀ ਉਪਰ ਗੱਡੇ,
ਝੁਕੇ ਸ਼ਰਮ ਦੇ ਨਾਲ। ੩੦

SIKHBOOKCLUB.COM

ਝੁਰੜਾਏ ਚਿਹਰੇ ਦੇ ਉੱਤੇ
ਰੰਗ ਲੱਜਾ ਦਾ ਲਾਲ।

ਮੈਂ ਹੈਰਾਨ ਜਿਹਾ ਹੋ ਜਾਵਾਂ
ਵੇਖ ਉਹਨੂੰ ਇਸ ਹਾਲ,
ਦਿਲ ਮੇਰਾ ਨਿੱਤ ਕਲਵਲ ਹੋਵੇ,
ਉਠਣ ਕਈ ਖ਼ਿਆਲ,
ਝਕਦੇ ਝਕਦੇ ਆਖ਼ਰ ਇਕ ਦਿਨ
ਪੁਛ ਲਿਆ ਉਸ ਦਾ ਹਾਲ!

ਪੁਛਿਆਂ ਮੈਨੂੰ ਆਖਣ ਲਗੀ,
"ਨਾਂ ਮੇਰਾ ਹੈ 'ਜੀਵਾਂ'! ੪੦
ਦੁਖ-ਸੁਖ ਦੇ ਮੈਂ ਕਪੜੇ ਪਾਵਾਂ
ਪੌਣ ਜੁਗਾਂ ਦੀ ਪੀਵਾਂ;
ਨਾ ਕੋਈ ਮਾਂ ਨ ਬਾਪ ਮੇਰਾ
ਮੈਂ ਇਕ ਫੁਰਨੇ 'ਚੋਂ ਜੰਮੀ,
ਪੈਰੀਂ ਮੇਰੇ ਗੇੜ ਚੁਰਾਸੀ,
ਹਸਤੀ ਮੇਰੀ ਅਗੰਮੀ;
ਵਖੀਆਂ ਵਿੱਚ ਮੇਰੇ ਛਣਕਣ ਹਾਸੇ,
ਨੈਣੀਂ ਛਲਕਣ ਰੋਣੇ,
ਇਸੇ ਹਾਲ ਮੈਨੂੰ ਸੈ ਜੁਗ ਹੋਏ,
ਲਖ ਜੁਗ ਹਾਲੇ ਹੋਣੇ; ੫੦

ਜਿਸ ਮਿੱਟੀ ਨੂੰ ਮੈਂ ਛੂਹ ਜਾਵਾਂ
ਉਹ ਕੰਚਨ ਹੋ ਜਾਵੇ,
ਪਰ ਮੈਨੂੰ ਹੀ ਫਿਰ ਉਹ ਮਿੱਟੀ
ਹੱਟੋ ਹੱਟ ਵਿਕਾਵੇ;
ਨਿੱਤ ਨਵੀਂ ਥਾਂ, ਨਿੱਤ ਨਵੇਂ ਘਰ
ਜਾ ਬੂਹਾ ਖੜਕਾਵਾਂ,
ਕੋਈ ਜੇ ਮੈਨੂੰ ਪਕੜਨ ਦੌੜੇ,
ਮੈਂ ਬਣ ਜਾਂ ਪਰਛਾਵਾਂ....."
ਇਤਨਾ ਆਖ ਕੇ ਫਿਰ ਉਹ ਛੁਹਲੀ
ਦੋ ਤਿੰਨ 'ਲਾਂਘਾਂ ਮਾਰ, ੬੦
ਤੁਰ ਗਈ ਮੇਰੇ ਤਕਦਿਆਂ ਤਕਦਿਆਂ
ਦਿਸ-ਹੱਦੇ ਦੇ ਪਾਰ!

ਫ਼ੀਰੋਜ਼ਪੁਰ ੪ ਨਵੰਬਰ ੧੯੫੩

SIKHBOOKCLUB.COM

ਮੈਂ ਹੋਰ ਹਾਂ

ਹੋਰ ਹਾਂ, ਸਜਨੀ, ਅਸਲ ਵਿੱਚ ਹੋਰ ਹਾਂ !

ਮੈਂ ਨਹੀਂ ਉਹ ਕੁਝ ਜੋ ਮੈਂ ਪ੍ਰਗਟਾ ਰਿਹਾਂ,
ਝੂਠ ਹੈ ਇਹ ਰੂਪ ਜੋ ਦਰਸਾ ਰਿਹਾਂ,
ਇਹ ਨਿਰਾ ਇਕ ਭੇਖ ਹੈ, ਪਾਖੰਡ ਹੈ,
ਇਹ ਭੁਲਾਵਾ ਹੈ ਨਿਰਾ, ਇਹ ਫੰਧ ਹੈ;
ਇਹ ਸਿਰਫ ਉਹਲਾ ਹੈ, ਅਸਲਾ ਹੋਰ ਹੈ,
ਪਰਦਿਆਂ ਦੇ ਪਾਰ ਮਸਲਾ ਹੋਰ ਹੈ,
ਮੈਂ ਅਸਲ ਵਿੱਚ ਸਾਧ ਨਹੀਂ, ਮੈਂ ਚੋਰ ਹਾਂ।
ਹੋਰ ਹਾਂ, ਸਜਨੀ, ਅਸਲ ਵਿੱਚ ਹੋਰ ਹਾਂ।

ਰੂਪ ਵਿਚ ਸੋਨੇ ਦੇ ਪਿੱਤਲ ਦੇ ਰਿਹਾਂ, ੧੦
ਕਹਿਣ ਨੂੰ ਤਾਂ ਆਪਣਾ ਦਿਲ ਦੇ ਰਿਹਾਂ;

ਪਿਆਰ ਮੇਰਾ ਪਰ ਅਸਲ ਵਿੱਚ ਪਿਆਰ ਨਹੀਂ,
ਕਾਮਨਾ ਹੈ, ਇਹ ਦਿਲੀ ਇਕਰਾਰ ਨਹੀਂ;
ਇਹ ਸਿਰਫ਼ ਖ਼ਾਹਿਸ਼ ਹੈ ਕਬਜ਼ਾ ਕਰਨ ਦੀ,
ਤੇਰੇ ਕੋਲੋਂ ਤੇਰਾ ਜੋਬਨ ਹਰਨ ਦੀ,
ਤੇਰੀ ਸੁੰਦਰਤਾ ਨੂੰ ਤੈਥੋਂ ਖੁਹਣ ਦੀ,
ਤੇਰੀ ਕੋਮਲ ਸੁਹਲਤਾ ਨੂੰ ਕੁਹਣ ਦੀ,
ਕਾਮ-ਪੁਤਲਾ, ਨਿਰਦਈ; ਮੂੰਹ-ਜ਼ੋਰ ਹਾਂ,
ਹੋਰ ਹਾਂ, ਸਜਨੀ, ਅਸਲ ਵਿਚ ਹੋਰ ਹਾਂ।

ਕਰਮ ਮੇਰੀ ਸੋਚ ਦੇ ਸੂਚਕ ਨਹੀਂ, ੨੦
ਬੋਲ ਮੇਰੇ ਕਰਮ ਦੇ ਮੂਜਬ ਨਹੀਂ;
ਬੋਲ ਨੇ ਮੇਰੇ ਛਲਾਵਾ ਹੀ ਨਿਰਾ,
ਕਰਮ ਨੇ ਮੇਰੇ ਦਿਖਾਵਾ ਹੀ ਨਿਰਾ,
ਮੈਂ ਦਿਲੋਂ ਕੁਝ ਹੋਰ, ਬਾਹਰੋਂ ਹੋਰ ਹਾਂ।
ਹੋਰ ਹਾਂ, ਸਜਨੀ, ਅਸਲ ਵਿੱਚ ਹੋਰ ਹਾਂ।

ਲਾਹੌਰ ੨੧ ਮਾਰਚ ੧੯੪੪

ਜਾਲ

ਸਮਾਂ ਹੋਇਆ ਜਾਲ ਇਕ ਬੁਣਿਆ ਸੀ ਮੈਂ,
ਇਕ ਅਜਬ ਪੰਛੀ ਉਹਦੇ ਵਿੱਚ ਫਾਹਣ ਲਈ;
ਦੂਰ ਤਕ ਤਾਣਾ ਉਹਦਾ ਤਣਿਆ ਸੀ ਮੈਂ,
ਓਸ ਪੰਛੀ ਦੀ ਅਕਲ ਘਬਰਾਣ ਲਈ।
ਉਸ ਦੀਆਂ ਤੰਦਾਂ ਮੈਂ ਪਾਈਆਂ ਦੂਰ ਦੂਰ,
ਉਸ ਦੀਆਂ ਗੰਢਾਂ ਮੈਂ ਪਾਈਆਂ ਕੋਲ ਕੋਲ,
ਜਾਲ ਬੁਣਦਾ ਹੋ ਗਿਆ ਮੈਂ ਚੂਰ ਚੂਰ,
ਥਕ ਕੇ ਇਕ ਥਾਂ ਬਹਿ ਗਿਆ ਆਖ਼ਰ ਅਡੋਲ;
ਬੈਠਿਆ, ਤਾਂ ਵੇਖਿਆ ਸਾਰੇ ਤਰਫ਼,
ਵੇਖਿਆ, ਤਾਂ ਹੋ ਗਿਆ ਹੈਰਾਨ ਮੈਂ; ੧੦
ਜਾਲ ਮੇਰਾ ਸੀ ਮੇਰੇ ਚਾਰੇ ਤਰਫ਼,

ਉਸ 'ਚ ਘਿਰਿਆ ਸਾਂ ਇਕੱਲੀ ਜਾਨ ਮੈਂ।
ਲੰਮੀਆਂ ਤੰਦਾਂ ਦਾ ਮੈਂ ਤਣਿਆ ਸੀ ਜਾਲ,
ਇਕ ਅਜਬ ਪੰਛੀ ਉਹਦੇ ਵਿੱਚ ਫਾਹਣ ਲਈ,
ਜਾਲ ਨੇ ਮੈਨੂੰ ਹੀ ਪਰ ਲੀਤਾ ਸੰਭਾਲ,
ਅਕਲ ਮੇਰੀ ਨੂੰ ਸਦਾ ਅਜ਼ਮਾਣ ਲਈ।
ਹੁਣ ਮੈਂ ਇਸ ਵਿੱਚ ਦੌੜਦਾਂ ਰਾਤੀ ਦਿਨੇ,
ਜਾਲ ਦਾ ਕੋਈ ਅੰਤ ਪਰ ਮਿਲਦਾ ਨਹੀਂ;
ਪੀੜੀਆਂ ਗੰਢਾਂ ਨੇ ਚੋਵੱਲੇ ਮੇਰੇ,
ਜਾਲ ਦਾ ਇਕ ਤਾਰ ਵੀ ਹਿਲਦਾ ਨਹੀਂ; ੨੦
ਕੀ ਕਹਾਂ, ਤੰਦਾਂ 'ਚ ਕਿਤਨਾ ਤਾਣ ਹੈ ?
ਤੰਦ ਕਿਹੜਾ ਹੈ ਜੋ ਮੈਂ ਪੁਟਿਆ ਨਹੀਂ ?—
ਹਰ ਜਤਨ ਦਾ ਫਲ ਮਗਰ ਪਛਤਾਣ ਹੈ,
ਮੈਥੋਂ ਅਜ ਤਕ ਜਾਲ ਇਹ ਟੁਟਿਆ ਨਹੀਂ।
ਜਦ ਕਦੇ ਸੁਣਦਾ ਹਾਂ ਮੈਂ ਕੰਨ ਖੋਲ੍ਹ ਕੇ,
ਕਹਿ ਰਹੀ ਹੁੰਦੀ ਇਹਦੀ ਹਰ ਤੰਦ ਹੈ :
'ਕੋਈ ਲੈ ਜਾਓ ਇਹਨੂੰ ਹੁਣ ਖੋਲ੍ਹ ਕੇ,
ਜਾਲ ਵਿੱਚ ਇਸ ਜਾਲ ਵਾਲਾ ਬੰਦ ਹੈ !'

ਲਾਹੌਰ ੨੩ ਮਾਰਚ ੧੯੪੫

SIKHBOOKCLUB.COM

ਦਿਲ ਮੇਰਾ ਹੱਸਦਾ, ਦਿਲ ਮੇਰਾ ਰੋਂਦਾ

SIKHBOOKCLUB.COM

ਹਵਾ 'ਚ ਉਡਦੇ ਨੀ ਕੀੜੇ-ਪਤੰਗੇ,
ਹਵਾ 'ਚ ਅਣੂ-ਪਰਮਾਣੂ,
ਧਰਤੀ 'ਚੋਂ ਫੁੱਟਦੇ ਨੀ ਖੁੰਬਾਂ-ਬਹੇੜੇ,
ਧਰਤੀ ਤੇ ਵੱਸਦੇ ਨੀ ਮਾਹਣੂ;
ਡੂੰਘੀਆਂ ਛਾਂਵਾਂ 'ਚ ਜਗਦੇ ਟਟਹਿਣੇ
ਰੁੱਡਾਂ 'ਚ ਰੀਂਗਣ ਗੰਡੋਏ,
ਪਾਣੀ ਦੇ ਤੁਪਕੇ 'ਚ ਜੀਵਨ ਦੀਆਂ ਡਾਰਾਂ
ਕੋਈ ਅੱਖ ਰੁਸ਼ਨਾਈ ਵਾਲੀ ਹੋਏ !

ਕੁਦਰਤ ਦੀਆਂ ਬਾਹਾਂ ਅਕਾਸ਼ਾਂ 'ਚੋਂ ਪਲਮਛ,

ਕੁਦਰਤ ਦੀਆਂ ਬਾਹਾਂ ਸਮੁੰਦਰਾਂ 'ਚੋਂ ਉਛਲਣ, ੧੦
ਕੁਦਰਤ ਦੀਆਂ ਬਾਹਾਂ ਬਨਸਪਤ 'ਚ ਪਸਰਣ—
ਕੂਲੀਆਂ, ਲੰਮੀਆਂ ਬਾਹਾਂ,
ਚੁਕ ਚੁਕ ਕੇ ਮੈਨੂੰ ਜੋ ਨਿਤ ਦਿਨ ਖਿਡਾਵਣ,
ਲੈ ਜਾਣ ਜਿਧਰ ਮੈਂ ਚਾਹਾਂ।
ਕੁਦਰਤ ਦੀਆਂ ਬਾਹਾਂ 'ਚ, ਕੁਦਰਤ ਦੀ ਗੋਦੀ 'ਚ
ਮੈਂ ਨਿਤ ਹੱਸਦਾ ਵਿਗਸਦਾ,
ਰੂਹ ਮੇਰਾ ਮੱਚਦਾ, ਦਿਲ ਮੇਰਾ ਨੱਚਦਾ,
ਮੈਂ ਗਗਨ-ਪੀਂਘ ਤੇ ਨੱਸਦਾ;
ਤਾਰਿਆਂ ਨੂੰ ਤੱਕ ਤੱਕ, ਬਦਲਾਂ ਨੂੰ ਛੂਹ ਛੂਹ,
ਚੰਨੇ ਨੂੰ ਚੁੰਮ ਚੁੰਮ ਜਾਵਾਂ; ੨੦
ਵੇਖ ਵੇਖ ਪਸਰੀ ਅਨੰਤਤਾ ਚੁਵੱਲੀਂ,
ਮੈਂ ਲੱਖ ਲੱਖ ਹਾਸੇ ਲੁਟਾਵਾਂ!

ਦਿਲ ਮੇਰਾ ਲੋਚੇ ਮੈਂ ਹੱਸਦਾ ਹੀ ਜਾਵਾਂ,
ਪਰ ਛਾ ਜਾਏ ਪਲ 'ਚ ਉਦਾਸੀ;
ਮੈਂ ਇਕ ਨਿੱਕਾ ਜਿਹਾ ਟਿੱਪਣਾ ਅਕਾਰਾਂ ਵਿੱਚ,
ਪਸਰੀ ਅਨੰਤਤਾ ਚੁਪਾਸੀ;
ਧਰਤੀ ਦੇ ਛਿਲੜ 'ਚ, ਮਿੱਟੀ ਦੀਆਂ ਤੈਹਾਂ 'ਚ
ਜੁਗਾਂ ਦੀ ਪੈਰ-ਨਿਸ਼ਾਨੀ,

ਖੋਦ ਖੋਦ ਹੱਥਾਂ ਨੇ ਫੋਲ ਫੋਲ ਡਿੱਠੀ,
ਜੀਵਨ ਦੀ ਗੁਪਤ ਕਹਾਣੀ ! ੩੦

ਅਰਸ਼ਾਂ ਦੇ ਗੁੰਬਦ 'ਚ ਹੀਰੇ ਟਿਮਕਦੇ –
ਸਮੇਂ ਦੀਆਂ ਜਗਦੀਆਂ ਜੋਤਾਂ,
ਅਮਰ ਪੁਲਾੜਾਂ 'ਚ ਵਿੱਥਾਂ ਦੀ ਵਿਥਿਆ,
ਥਾਵਾਂ ਦਿਸ਼ਾਵਾਂ ਦੀਆਂ ਗੋਤਾਂ ।
ਪਸਰੀ ਜਾਣ ਬ੍ਰਹਿਮੰਡ ਦੀਆਂ ਹੱਦਾਂ,
ਨੱਸਦੇ ਜਾਣ ਸਿਤਾਰੇ,
ਨਿੱਤ ਨਿੱਤ ਜੰਮਣ ਸਜਰੀਆਂ ਦੁਨੀਆਂ,
ਖਿੰਡਦੇ ਜਾਣ ਖਿਲਾਰੇ ।
ਨਿੱਤ ਨਿੱਤ ਨਿੱਕਾ ਮੇਰਾ ਹੁੰਦਾ ਜਾਏ ਸੂਰਜ,
ਨਿੱਤ ਨਿੱਤ ਨਿੱਕੀ ਧਰਤੀ, ੪੦
ਭਾਵੇਂ ਬੰਨ੍ਹਾਂ ਮੈਂ ਅਰਸ਼ਾਂ ਤੇ ਦਾਈਏ,
ਮੈਨੂੰ ਸੁਰਤ ਨਾ ਅਪਣੇ ਘਰ ਦੀ ।
ਸਦੀਆਂ ਪੁਰਾਣੇ ਮੈਨੂੰ ਦਿੱਸਣ ਸਿਤਾਰੇ,
ਵਿੱਥਾਂ ਦੀ ਇਤਨੀ ਦੂਰੀ,
ਅੱਧੀ ਸਦੀ ਮੇਰੀ ਅੱਖੀਆਂ ਦੀ ਜੋਤੀ,
ਅਮਰ ਮੇਰੀ ਮਜਬੂਰੀ ।
ਲਪ ਕੁ ਸਾਹ ਤੇ ਗਿੱਠ ਕੁ ਆਯੂ
ਮੇਰੇ ਪਏ ਧੁਰਾਂ ਤੋਂ ਪੱਲੇ,

ਕਿਹੜੇ ਕਿਹੜੇ ਭੇਤ ਮੈਂ ਕਦ ਕਦ ਖੋਜਾਂ,
ਮੇਰੇ ਖਿਲਰੇ ਨੀ ਭੇਤ ਚੁਵੱਲੇ ! ੫੦

ਦਿਲ ਮੇਰਾ ਰੋਂਦਾ, ਦਿਲ ਮੇਰਾ ਖੁਸਦਾ,
ਰੂਹ ਵਿੱਚ ਪੈਣ ਕੁੜੱਲਾਂ—
ਸੂਕਦੇ ਜਾਂਦੇ ਸਿਤਾਰੇ ਵੀ ਟੁੱਟਦੇ,
ਗੁੰਮ ਗੁੰਮ ਜਾਂਦੀਆਂ ਛੱਲਾਂ ।
ਕਿਰ ਕਿਰ ਪੈਣ ਦਰੱਖਤਾਂ ਤੋਂ ਪੱਤੇ,
ਛਿੱਜ ਛਿੱਜ ਜਾਵਣ ਛਾਂਵਾਂ,
ਸੁਕ ਸੁਕ ਜਾਣ ਸਮੁੰਦਰਾਂ ਦੇ ਪਾਣੀ,
ਘੁੱਟ ਘੁੱਟ ਮਰਨ ਹਵਾਵਾਂ ।
ਤ੍ਰਿਪ ਤ੍ਰਿਪ ਡੁਲ੍ਹਣ ਅੱਖੀਆਂ 'ਚੋਂ ਅੱਥਰੂ,
ਪਰ ਇਹ ਕੀ ਕੌਤਕ ਵਰਤੇ : ੬੦
ਸੁੱਕੇ ਹੋਏ, ਢੱਠੇ ਹੋਏ ਪੱਤੇ ਜ਼ਿਮੀਂ ਤੋਂ
ਅਜ ਮੁੜ ਟਹਿਣੀਆਂ ਨੂੰ ਪਰਤੇ,
ਚੂੰਢੀਆਂ ਭਰ ਭਰ ਜੁਸੇ ਨੂੰ ਵੇਖਾਂ,
ਮਲ ਮਲ ਅੱਖੀਆਂ ਖੋਲ੍ਹਾਂ,
ਟੁਕ ਟੁਕ ਦੀਦਾਂ 'ਚ ਬੁਲ੍ਹਾਂ ਨੂੰ ਵੇਖਾਂ
ਕੁਝ ਸਮਝ ਪਵੇ ਤਾਂ ਬੋਲਾਂ,
ਸਮਝਾਂ ਨੂੰ ਵੱਜ ਗਏ ਹੈਰਾਨੀ ਦੇ ਜੰਦਰੇ,
ਅਕਲਾਂ ਨੂੰ ਦੀਦਣਾਂ ਪਈਆਂ

ਪੱਤੇ ਨਹੀਂ ਸਨ ਦਰੱਖ਼ਤਾਂ ਨੂੰ ਪਰਤੇ,
(ਇਹ ਤਾਂ) ਤਿੱਤਲੀਆਂ ਉੱਡ ਕੇ ਸੀ ਗਈਆਂ। ੭੦
ਸ਼ਾਲਾ ਉੱਡੋ ਨੀ ਸੁਹਾਵੀ ਤਿੱਤਲੀਓ,
ਸ਼ਾਲਾ ਭੁਲੇਖੇ ਪਾਓ;
ਕਦੀ ਤਾਂ ਖੁਲ੍ਹਸਣ ਹੈਰਾਨੀ ਦੇ ਜੰਦਰੇ,
ਗਾਓ ਸਹੇਲੀਓ ਗਾਓ!

ਕਪੂਰਥਲਾ ੨੭ ਅਕਤੂਬਰ ੧੯੫੩

SIKHBOOKCLUB.COM

ਹਕੀਕਤ

ਬਰਫ਼-ਢੱਕੀਆਂ, ਅਰਸ਼-ਛੂੰਹਦੀਆਂ
ਪਰਬਤ-ਸਿਖਰਾਂ ਉਹਲੇ
ਸੂਰਜ ਰਾਜਾ ਅਜੇ ਆਪਣਾ
ਰਸਤਾ ਪਿਆ ਟਟੋਲੇ;
ਅਰਸ਼ਾਂ ਦੇ ਵਿੱਚ ਊਸ਼ਾ ਰਾਣੀ
ਸੁੰਦਰ ਪਈ ਸੁਹਾਵੇ,
ਅਪਣੀ ਸੋਨ-ਸੁਨਹਿਰੀ ਛਾਇਆਂ
ਧਰਤੀ ਤੇ ਪਈ ਪਾਵੇ;
ਝੀਲ, ਘਿਰੀ ਪਰਬਤ-ਕੰਧਾਂ ਵਿੱਚ
ਏਦਾਂ ਦਏ ਦਿਖਾਲੀ : ੧੦
ਸੋਨੇ ਨਾਲ ਭਰੀ ਹੋਈ ਕੋਈ

SIKHBOOKCLUB.COM

ਜਿਵੇਂ ਵਿਸ਼ਾਲ ਕੁਠਾਲੀ;
ਪਾਣੀ ਭਰਨ ਲਈ ਪਨ-ਘਟ ਤੇ
ਸੁੰਦਰ ਕੁੜੀਆਂ ਆਵਣ,
ਊਸ਼ਾ ਦੀ ਛਾਇਆ ਵਿੱਚ,
ਅਰਸ਼ੀ ਹੂਰਾਂ ਬਣ ਬਣ ਜਾਵਣ।
ਘੜੇ ਉਨ੍ਹਾਂ ਦੇ ਕੰਚਨ-ਵੰਨੇ
ਓਹਨਾਂ ਦੇ ਸਿਰ ਲੱਸਣ,
ਡੁੱਬਣ ਜਦੋਂ ਸੋਨ-ਪਾਣੀ ਵਿੱਚ,
ਖਿੜ ਖਿੜ ਕਰ ਕੇ ਹੱਸਣ। ੨੦
ਤ੍ਰੇਲ ਭਰੇ ਘਾਹ ਏਦਾਂ ਜਾਪਣ
ਜਿਉਂ ਮਖ਼ਮਲ ਤੇ ਮੋਤੀ;
ਪੱਤੇ ਪੱਤੇ ਦੇ ਵਿੱਚ ਜਗੇ
ਸੁੰਦਰਤਾ ਦੀ ਜੋਤੀ।

ਪਰ ਝਬਦੇ ਹੀ ਆਣ ਖਲੋਤਾ
ਸਾਹਵੇਂ ਸੂਰਜ-ਰਾਣਾ,
ਪਲ ਵਿੱਚ ਸੱਤ-ਰੰਗੀ ਛਾਇਆ ਦਾ
ਹੋਇਆ ਦੇਸ ਬਿਗਾਨਾ:
ਨਾ ਹੀ ਸੋਨ-ਕੁਠਾਲੀ ਰਹਿ ਗਈ
ਨਾ ਊਸ਼ਾ ਦਾ ਵਾਸਾ, ੩੦

ਨਾ ਹੂਰਾਂ ਦੀਆਂ ਡਾਰਾਂ ਰਹੀਆਂ,
ਨਾ ਘੜਿਆਂ ਦਾ ਹਾਸਾ,
ਕੰਚਨ-ਵੰਨੇ ਘੜੇ ਰਹਿ ਗਏ,
ਨਾ ਮਖ਼ਮਲ ਨਾ ਮੋਤੀ,
ਗੁੱਲ ਹੋ ਗਈ ਲਾਟ ਹੁਸਨ ਦੀ,
ਮਾਂਦ ਪੈ ਗਈ ਜੋਤੀ।

ਓਹੀ ਗੰਧਲੀ ਝੀਲ ਰਹਿ ਗਈ,
ਉਹੀ ਪਹਾੜਨ ਕੁੜੀਆਂ
ਪਾਣੀ ਭਰ ਕੇ ਮਿੱਟੀ ਦੇ ਘੜਿਆਂ ਵਿਚ
ਜਾਵਣ ਮੁੜੀਆਂ; ੪੦
ਓਹੀ ਖ਼ੁਸ਼ਕ ਪਹਾੜ ਰਹਿ ਗਏ
ਓਹੀ ਘਾਹ ਕੰਡਿਆਲੀ,
ਸਭ ਕੁਝ ਓਥੇ ਦਾ ਓਥੇ ਸੀ,
ਸੁੰਦਰਤਾ ਤੋਂ ਖ਼ਾਲੀ।

ਜੇਹਲਮ ੧੨ ਅਕਤੂਬਰ ੧੯੪੨

SIKHBOOKCLUB.COM

ਦੋ ਪਿਆਰ

ਮੇਰੀ ਕਵਿਤਾ ਦਾ ਆਧਾਰ
ਮੇਰੇ ਸੋਨ-ਸੁਨਹਿਰੇ ਪਿਆਰ !
ਮੇਰੇ ਪਿਆਰ ਦੇ ਨੇ ਦੋ ਪਾਸੇ :
ਪਿਆਰ ਦੇ ਰੋਣੇ, ਪਿਆਰ ਦੇ ਹਾਸੇ ;
ਆਸ, ਨਿਰਾਸ ਮੇਰੇ ਦਰਬਾਰੀ,
ਮੈਂ ਕਰਦਾਂ ਦੋ ਪਿਆਰ !

ਇਕ ਪਿਆਰ ਮੇਰਾ ਨਿਰਾ ਉਦਾਸ,
ਬਿਰਹੋਂ ਨਿਰਾ, ਜ਼ਰਾ ਨਾ ਆਸ,
ਭੁਜਣਾ, ਲੁੱਛਣਾ, ਹਾੜੇ, ਹਾਵੇ,
ਵਿੱਥ ਕੋਹਾਂ ਦੀ ਸਦਾ ਸਤਾਵੇ, ੧੦

ਅਸਲੋਂ ਬੇਚੈਨੀ, ਗ਼ਮਗੀਨੀ—
ਐਸਾ ਮੇਰਾ ਪਿਆਰ !
ਐਪਰ ਏਸੇ ਪਿਆਰ ਦੇ ਕਾਰਨ
ਵਿਚਰਨ ਮੇਰੀ ਕਵਿਤਾ ਦੇ ਵਿਚ
ਸੁੰਞ, ਬੇਬਸੀ ਅਤੇ ਨਿਰਾਸ਼ਾ,
ਤੜਪ, ਸਿੱਕ, ਹੰਝੂ ਤੇ ਸਧਰਾਂ ।

ਦੂਜਾ ਪਿਆਰ ਹੁੱਲਾਸ ਨਿਰੋਲ,
ਸਦਾ ਪਿਆਰਾ ਵੱਸੇ ਕੋਲ ।
ਜਦ ਚਾਹਾਂ ਮੈਂ ਉਸ ਨੂੰ ਤੱਕਾਂ,
ਤਕ ਲਾਂ ਅਪਣੀ ਹਿੱਕ ਫਰੋਲ । ੨੦
ਉਹ ਇਕ ਨਿਰੀ ਨੂਰ ਦੀ ਖਿਟੜੀ,
ਜਗਮਗ ਕਰੇ ਪਈ ਮੇਰੀ ਹਿਕੜੀ ।
ਜਦ ਮਾਰਾਂ ਛਾਤੀ ਵਿਚ ਝਾਤੀ,
ਦਿੱਸੇ ਉਹ ਰਾਤੀ, ਪਰਭਾਤੀ;
ਮਿਲਣਾ, ਸੁਆਦ ਸੁਆਦ ਹੋ ਹਸਣਾ,
ਖ਼ੁਸ਼ੀਆਂ ਦੇ ਇਕ ਹੜ ਵਿੱਚ ਹੜਨਾ—
ਐਸਾ ਮੇਰਾ ਪਿਆਰ !
ਏਸੇ ਮੇਰੇ ਪਿਆਰ ਦੇ ਕਾਰਨ
ਰੁਮਕਣ ਮੇਰੀ ਕਵਿਤਾ ਦੇ ਵਿੱਚ,
ਖ਼ੁਸ਼ੀਆਂ, ਚਾਅ, ਖੇੜੇ ਤੇ ਮਸਤੀ, ੩੦

ਸੁਹਜ, ਮਧੁਰਤਾ ਤੇ ਸੰਗੀਤ !

ਮੇਰੇ ਇਨ੍ਹਾਂ ਦੁਹਾਂ ਪਿਆਰਾਂ ਦੀ
ਪਾਤਰ ਹੈ ਇੱਕੋ ਹੀ ਹਸਤੀ :
ਮੇਰੇ ਜੀਵਨ ਦੇ ਪਿਛਵਾੜੇ
ਖ਼ਾਕੀ ਜਿਹਦਾ ਸਰੀਰ
ਅਪਣੀ ਬੇਪਰਵਾਹ ਕਲਮ ਥੀਂ
ਪਲ ਪਲ ਮੇਰੇ ਮਨ-ਭਾਵਾਂ ਦੀ
ਘੜੀ ਜਾਏ ਤਸਵੀਰ—
ਜੋ ਮਨ ਦੀਆਂ ਅਚੇਤ ਤੈਹਾਂ ਦੇ
ਸਾਰੇ ਪੜਦੇ ਪਾੜ, ੪੦
ਇਕ ਸਾਕਾਰ ਜਿਹਾ ਸੁਪਨਾ ਹੋ
ਨਿਕਲੇ ਬਾਹਰਵਾਰ,
ਬਦਲੀ ਹੋਈ ਸਿੰਵਾਪ ਨ ਸਕੇ
ਜਿਸ ਦੀ ਸੁਹਜ-ਨੁਹਾਰ।
ਵੰਨ-ਸੁਵੰਨੇ ਰੂਪ ਬਣਾ ਕੇ,
ਵੰਨ-ਸੁਵੰਨੇ ਮਨ-ਭਾਵਾਂ ਤੋਂ
ਵੰਨ-ਸੁਵੰਨੇ ਚਿੰਨ੍ਹ ਚੁਰਾ ਕੇ,
ਸੈਆਂ ਸੁਚੇਤ ਰੰਗੀਨ ਛੁਹਾਂ ਤੋਂ
ਵੰਨ-ਸੁਵੰਨੀਆਂ ਰੇਖਾਂ ਲੈ ਕੇ
ਇਹ ਹੋਵੇ ਸਾਕਾਰ, ੫੦

SIKHBOOKCLUB.COM

ਪਰ ਧੁਰ ਅਸਲਾ ਮੇਰੇ ਕਾਵਿ ਦਾ
ਓੜਕ ਮੇਰਾ ਪਿਆਰ !

ਭਾਵੇਂ ਮੇਰੇ ਪਿਆਰ ਦੀ ਮਲਕਾ
ਨਹੀਂ ਕੋਈ ਅਰਸ਼ੀ ਹੂਰ,
ਪਿਆਰ ਓਸੇ ਦਾ ਕਾਵਿ ਮੇਰੇ ਵਿਚ
ਕਰੇ ਭਾਵ ਭਰਪੂਰ ।
ਉਸ ਦੇ ਮੱਥੇ ਦੀ ਤਿਊੜੀ ਤੋਂ
ਉਸ ਦੇ ਬੁੱਲ੍ਹਾਂ ਦੇ ਵਿਗਸਣ ਤੋਂ
ਮੋਲੇ ਇਕ ਸੰਸਾਰ !
ਆਸ, ਨਿਰਾਸ ਮੇਰੇ ਦਰਬਾਰੀ, ੬੦
ਮੈਂ ਕਰਦਾਂ ਦੋ ਪਿਆਰ !

SIKHBOOKCLUB.COM

ਅੰਮ੍ਰਿਤਸਰ ੨੧ ਅਪ੍ਰੈਲ ੧੯੫੪

ਸੁੱਤੇ-ਸਿਧ

ਲੁਕ ਗਏ ਪਰਛਾਵੇਂ,
ਲਹਿੰਦੇ ਵਲ ਲਾਲੀ,
ਤੇ ਚੰਨ ਅਕਾਸ਼ੀਂ
ਚੜ੍ਹਿਆ ਨ ਹਾਲੀ;
ਢੱਕੀ ਤੋਂ ਚੜ੍ਹ ਕੇ
ਮੈਂ ਪੱਧਰੇ ਹੋਈ,
ਮੇਰੀ ਕੱਛੇ ਗਾਗਰ,
ਸਿਰ ਤੇ ਵਲਟੋਹੀ;
ਮੈਂ ਹੌਲੇ ਹੌਲੇ
ਪਈ ਪੈਰ ਟਿਕਾਵਾਂ :

ਮਤੇ ਭੈੜੇ ਰਾਹੇ ਤੋਂ
ਤਿਲ੍ਹਕ ਨਾ ਜਾਵਾਂ;
ਮੇਰੇ ਦੋਹੀਂ ਪਾਸੀਂ
ਬੂਟੇ ਕੰਡਿਆਲੇ,
ਮੈਂ ਬਚ ਬਚ ਤੁਰਦੀ ਜਾਂ
ਉਨ੍ਹਾਂ ਵਿਚਾਲੇ।
ਪਿਛਵਾੜਿਓਂ ਮੈਨੂੰ
ਝਾਉਲਾ ਜਿਹਾ ਆਇਆ,
ਹੌਲੇ ਜਹੇ ਅਪਣਾ
ਮੈਂ ਸੀਸ ਘੁਮਾਇਆ; ੨੦

OKHLOOKCLUB.COM

ਇਕ ਸੁਹਣਾ ਗੱਭਰੂ
ਪਿਆ ਪਿੱਛੇ ਆਵੇ,
ਉਹਦਾ ਭਖਦਾ ਚਿਹਰਾ
ਸੂਰਜ ਸ਼ਰਮਾਵੇ,
ਓਹਦੇ ਨੀਵੀਆਂ ਪਾਏ
ਚਿਹਰੇ ਤੇ ਲਾਲੀ,
ਮੈਂ ਨਜ਼ਰ ਹਟਾਈ ਹੀ
ਨਹੀਂ ਸੀ ਹਾਲੀ :
(ਕਿ) ਉਹ ਵੇਖ ਕੇ ਮੈਨੂੰ
ਮੁਸਕਾਣ ਲੱਗ ਪਿਆ, ੩੦

ਫਿਰ ਧੀਮੇ ਧੀਮੇ
ਕੁਝ ਗਾਣ ਲੱਗ ਪਿਆ।
ਮੇਰੇ ਹਿਰਦੇ ਅੰਦਰ
ਆਪੇ ਹੀ ਆਪੇ,
ਇਹਸਾਸ ਨਿਰਾਲਾ ਜਿਹਾ
ਉਠਦਾ ਜਾਪੇ,
ਮੈਨੂੰ ਸੁੱਤੇ-ਸਿੱਧ ਹੀ
ਕੁਝ ਹੋਣ ਲੱਗ ਪਿਆ,
ਮੁੜ੍ਹਕਾ ਮੇਰੇ ਮੱਥੇ 'ਚੋਂ,
ਚੋਣ ਲੱਗ ਪਿਆ। ੪੦
ਮੇਰੀ ਗਾਗਰ ਵਿੱਚੋਂ
ਕੁਝ ਨੀਰ ਛੁਲਕਿਆ,
ਮੇਰੀ ਵਲਟੋਹੀ 'ਚੋਂ
ਕੁਝ ਪਾਣੀ ਡੁਲ੍ਹ ਗਿਆ!
ਮੇਰੇ ਪੈਰਾਂ ਅੰਦਰ
ਕੁਝ ਆ ਗਈ ਕਾਹਲੀ,
ਮੈਂ ਸਿਰ ਤੇ ਅਪਣੇ
ਵਲਟੋਹੀ ਸੰਭਾਲੀ।
ਮੈਨੂੰ ਪੈਰ ਪਿਛੋਕੜ ਵੀ
ਜਾਪੇ ਕਾਹਲੇ, ੫੦

SIKHBOOKCLUB.COM

ਮੇਰੇ ਦਿਲ ਦੀ ਧੜਕਨ ਨੂੰ
ਪਏ ਉਛਾਲੇ;
ਗਾਗਰ ਦੇ ਪਾਣੀ ਨੂੰ
ਪਏ ਥਪੇੜੇ,
ਮੈਨੂੰ ਪੈਰ ਪਿਛੋਕੜ ਦੇ
ਜਾਪੇ ਨੇੜੇ;
ਇਤਨੇ 'ਚ ਕਿਸੇ ਨੇ
ਮੇਰੀ ਫੜ ਲਈ ਵੀਣੀ,
ਮੇਰੀ ਧੜਕਨ ਹੋ ਗਈ
ਦੂਣੀ ਤੋਂ ਤੀਣੀ; ੬੦
ਮੈਂ ਸਿਰ ਤੋਂ ਲਾਹ ਕੇ
ਵਲਟੋਹੀ ਵਗਾਈ,
ਫਿਰ ਝਟਕਾ ਦੇ ਕੇ
ਮੈਂ ਬਾਂਹ ਛੁੜਾਈ;
ਫਿਰ ਕੰਬਦਿਆਂ ਕੰਬਦਿਆਂ
ਮੈਂ ਪਿੱਛੇ ਪਰਤੀ,
ਮੈਨੂੰ ਕੰਬਦੀ ਕੰਬਦੀ
ਜਾਪੀ ਸਭ ਧਰਤੀ;
ਜਾਂ ਮੁੜ ਕੇ ਵੇਖਾਂ,
ਜਾਂ ਨਜ਼ਰ ਦੁੜਾਵਾਂ, ੭੦

PUNJABBOOKCLUB.COM

ਨਾ ਗੱਭਰੂ ਕੋਈ,
ਨਾ ਉਹਦਾ ਪਰਛਾਵਾਂ;
ਨਾ 'ਵਾਜ਼ ਕਿਸੇ ਦੀ,
ਨਾ ਪੈਰ-ਨਿਸ਼ਾਨੀ,
ਦੂਰਾਈਆਂ ਤੀਕਰ
ਛਾਈ ਵੀਰਾਨੀ,
ਵਲਟੋਹੀ ਪਈ ਸੀ
ਮੇਰੀ, ਰੇਤਾਂ ਉੱਤੇ;
ਅਰਮਾਨ ਪਏ ਸਨ
ਸੀਨੇ ਵਿੱਚ ਸੁੱਤੇ।

ਟ੦

SIKHBOOKCLUB.COM

ਲਾਹੌਰ ੧੬ ਦਸੰਬਰ ੧੯੪੧

ਇਕ ਵਾਸ਼ਨਾ ਹੋਰ ਜਹੀ

ਇਕ ਵਾਸ਼ਨਾ ਹੋਰ ਜਹੀ
ਅਜ ਦਿਲ ਪਈ ਮੇਰਾ ਠਾਰਦੀ !

ਅੱਗੇ ਵੀ ਡਿੱਠੀਆਂ ਮੈਂ ਲੱਖ ਖ਼ੁਸ਼ਬੋਆਂ,
ਫੁੱਲਾਂ, ਗੁੱਲਾਂ, ਅਤਰਾਂ ਦੀਆਂ,
ਮਾਸਾਂ ਦੀਆਂ ਸੁਗੰਧਾਂ ਡਿੱਠੀਆਂ,
ਧਰਤੀ ਦੀਆਂ ਹਵਾੜਾਂ,
ਪਰ ਅਜ ਡਿੱਠੀ ਅਜਬ ਵਾਸ਼ਨਾ,
ਅਜਬ ਕਿਸੇ ਸੰਸਾਰ ਦੀ !

ਮਾਸਾਂ ਦੀ ਖ਼ੁਸ਼ਬੋ ਕੁਝ ਹੋਰ :

ਕੱਚੀ-ਕੱਚੀ, ਰੱਤੂ-ਭਿੰਨੀ, ੧੦
ਥਿੰਧੀ-ਥਿੰਧੀ, ਚਰਬੀ-ਹਾਰ,
ਚਮੜੀ ਵਾਂਗ ਕਸੈਲੀ, ਮੈਲੀ,
ਹਡੀਆਂ-ਹਾਰ ਕਠੋਰ;
ਕਦੇ ਕਦੇ ਖ਼ੁਸ਼ਬੋ ਜਹੀ ਜਾਪੇ,
ਕਦੇ ਕਦੇ ਬਦਬੋ;
ਜਿਉਂ ਜਿਉਂ ਹੁਸਨ ਪੈਂਦਾ ਜਾਏ ਫਿੱਕਾ,
ਜਿਉਂ ਜਿਉਂ ਜਿੰਦ ਪੈਂਦੀ ਜਾਏ ਮਾਂਦ,
ਤਿਉਂ ਤਿਉਂ ਉਸ ਵਿਚ ਹੁੰਦੀ ਜਾਵੇ
ਪੈਦਾ ਕੋਈ ਸੜਾਂਦ—
ਜਿਉਂ ਕੋਈ ਔਲ ਨਾੜੂਓਂ ਕੱਟੀ, ੨੦
ਸਿਲ੍ਹੀ ਜਹੀ, ਕਚਲਹੂ-ਵਲ੍ਹੇਟੀ,
ਇਕ ਕਚਿਆਣ, ਹਮਾਕ ਜਹੀ ਇਕ
ਅੰਦਰ ਬਾਹਰ ਖਿਲਾਰਦੀ!

ਧਰਤੀ ਦੀਆਂ ਸੁਗੰਧਾਂ ਹੋਰ,
ਵਾਂਗ ਬਨਸਪਤ ਮੌਲੀਆਂ ਮੌਲੀਆਂ,
ਵਾਂਗ ਪਹਾੜਾਂ ਠੰਢੀਆਂ,
ਧੂੜ ਵਾਂਗਰਾਂ ਭਾਰੀਆਂ ਭਾਰੀਆਂ
ਉਨ੍ਹਾਂ ਸੁਨਹਿਰੀ ਜ਼ੁਲਫ਼ਾਂ ਨਾਲ

ਜਿਨ੍ਹਾਂ ਦੇ ਅਤ ਘੁੰਗਰਾਲੇ ਵਾਲ,
ਅੱਤਰਾਂ ਨਾਲ ਸਿੰਜੋਏ, ੩੦
ਅਜ ਬੇਹਾਂ ਸੰਗ ਬੇਹ ਬਣੇ ਹੋਏ,
ਪਰ ਅਪਣੀਆਂ ਮਿਟਿਆਲੀਆਂ ਲਪਟਾਂ
ਅਜੇ ਵੀ ਛੱਡਦੇ ਜਾਣ
ਜੋ ਧਰਤੀ ਦੇ ਸੀਨੇ ਵਿਚੋਂ
ਵਾਂਗ ਹਵਾੜਾਂ ਉੱਠਦੀਆਂ ਆਣ :
ਜਿਵੇਂ ਵਿਜੋਗਣ ਕਿਸੇ ਦਾ ਹਾਉਕਾ
ਸੱਧਰਾਂ ਤੇ ਅਰਮਾਨਾਂ ਭਰਿਆ,
ਭਰੀ ਹਿੱਕ 'ਚੋਂ, ਭਰੇ ਕੰਠ 'ਚੋਂ
ਰੁਕ ਰੁਕ ਬਾਹਰ ਆਏ !
ਝੁਲਦੀਆਂ ਇਨ੍ਹਾਂ ਹਵਾੜਾਂ ਅੰਦਰ ੪੦
ਝੁੱਲਣ ਲੱਖ ਪਤਝੜ ਦੀਆਂ ਪੌਣਾਂ,
ਜਾਂ ਕੋਈ ਸਜਰੀ ਜਹੀ ਸਮੀਰ
ਹੁਮਕੇ ਕਿਸੇ ਬਹਾਰ ਦੀ !

ਇਨ੍ਹਾਂ ਦੂਹਾਂ ਤੋਂ ਵੱਖਰੀ ਹੋਰ,
ਅਣਡਿੱਠੀ, ਅਣਮਾਣੀ ਹੋਈ
ਇਕ ਵਾਸ਼ਨਾ ਨਵੀਂ ਨਿਕੋਰ—
ਮਾਸ-ਸੁਗੰਧਾਂ ਕੋਲੋਂ ਸੂਖਮ

SIKHBOOKCLUB.COM

ਨਾਸ-ਸੁਗੰਧਾਂ ਤੋਂ ਬਾਰੀਕ
ਚੰਨ-ਚਾਨਣੀ-ਹਾਰ —
ਦੂਰ ਦੁਰਾਡੇ ਦੇਸੋਂ ਆ ਕੇ ੫੦
ਰਹੀ ਕੋਈ ਮਹਿਕ ਖਿਲਾਰ ।
ਜਿੱਥੇ ਜਿੱਥੇ ਜਾਏ ਪਸਰਦੀ
ਵੱਸਦਾ ਜਾਏ ਪਿਆਰ ।
ਦਿਲ-ਧੜਕਣ ਦੀ ਕੰਬਣੀ ਵਾਙੂ
ਕੰਬਦੀ ਕੰਬਦੀ ਆਂਦੀ,
ਪਰੀਆਂ ਦੇ ਪਰਛਾਵਿਆਂ ਵਾਂਗਰ
ਸੁਹਜ-ਆਤਮਾ ਦੀ ਧਰਤੀ ਤੇ
ਲੱਖ ਕਿਲਕਲੀਆਂ ਪਾਂਦੀ ।
ਇਕ ਕੋਮਲ ਜਾਦੂ ਅਪਣੇ ਥੀਂ
ਲੱਖ ਨੈਣ ਨਸ਼ਿਆਂਦੀ । ੬੦
ਹਿਕੜੀ ਵਿੱਚ ਸੌ ਰਾਜ਼ ਲੁਕੋਈ,
ਹਵਾ ਕੋਲੋਂ ਸੈ ਵਿਸਵੇ ਪਤਲੋ
ਦਿਲ ਵਿੱਚ ਲੱਖਾਂ ਭਾਵ ਪਰੋਈ;
ਇਨ੍ਹਾਂ ਭਾਵਾਂ ਤੋਂ ਵੀ ਪਰ ਹੌਲੀ,
ਇਨ੍ਹਾਂ ਰਾਜ਼ਾਂ ਤੋਂ ਵੀ ਅਤ ਸੂਖਮ,
ਦਿਲ ਦੀਆਂ ਝੀਤਾਂ ਥਾਣੀਂ ਵਾੜ ਕੇ
ਅੰਦਰ ਮਹਿਕ ਖਿਲਾਰਦੀ !

SIKHBOOKCLUB.COM

ਮਾਸਾਂ ਦੀ ਖ਼ੁਸ਼ਬੋ ਕੁਝ ਹੋਰ,
ਮਿੱਟੀ ਦੀ ਖ਼ੁਸ਼ਬੋ ਕੁਝ ਹੋਰ,
ਇਕ ਵਾਸ਼ਨਾ ਹੋਰ ਜਹੀ
ਇਹ ਅਜਬ ਕਿਸੇ ਸੰਸਾਰ ਦੀ !

ਅੰਮ੍ਰਿਤਸਰ ੧੫ ਜਨਵਰੀ ੧੯੫੩



SIKHBOOKCLUB.COM

ਸ਼ਰਮ ਗੁਨਾਹੋਂ

ਸੂਖਮ ਇਕ ਸੰਗੀਤ
ਸੁਹਾਵਾ ਜਾਦੂ ਅਪਣਾ ਪਾ ਕੇ,
ਨੰਗੀ ਰੂਹ ਨੂੰ ਨਾਚ ਕਰਾ ਗਿਆ
ਜਗ ਵਿੱਚ ਢੋਲ ਵਜਾ ਕੇ;
ਨਾ ਲੱਜਾਈ ਰੂਹ ਅਲਬੇਲੀ
ਨਾ ਉਖੜੀ ਸੁਰ ਤਾਲੋਂ,
(ਪਰ) ਤ੍ਰੇਲੀ ਤ੍ਰੇਲੀ ਹੋ ਗਈ ਮਿੱਟੀ
ਸ਼ਰਮ ਗੁਨਾਹੋਂ ਖਾ ਕੇ।

ਅੰਮ੍ਰਿਤਸਰ ੧੮ ਨਵੰਬਰ ੧੯੫੪

SIKHBOOKCLUB.COM

ਪੈਰ-ਚਿੱਤਰ

SIKHBOOKCLUB.COM



SIKHBOOKCLUB.COM

ਅਜ ਕੋਈ ਆਈ ਯਾਦ

SIKHBOOKCLUB.COM

ਅਜ ਕੋਈ ਆਈ ਯਾਦ !

ਕਮਲੇ ਪੈਰ ਜੁਗਾਂ ਦੀ ਭੋਂ ਤੇ
ਠੇਡੇ ਖਾਂਦੇ ਭੱਜੇ,
ਮਹਾਂ ਵਿਸ਼ਾਲ ਵਿਸ਼ਵ-ਥਲ ਵਿੱਚ
ਕੋਈ ਹੋਤ ਗੁਆਚਾ ਲੱਭੇ ;
ਨਿੱਤ ਸੁੱਤੀਆਂ ਅਲਸਾਈਆਂ ਸੱਸੀਆਂ
ਚੋਰ ਬਲੋਚਾਂ ਛਲੀਆਂ ;
ਨਾ ਕੋਈ ਸੋ ਪੁਨੂੰ ਦੀ ਆਈ,
ਨਾ ਕੋਈ ਚਿੰਨ੍ਹ ਪੈਰਾਂ ਦੇ ਲੱਭੇ,

ਨਾ ਇਕ ਵਾਰ ਗੁਆਚੀਆਂ ਵੱਜੀਆਂ ੧੦
ਮੁੜ ਡਾਚੀ ਦੀਆਂ ਟੱਲੀਆਂ।
ਸਮੇਂ ਨੇ ਰਤਾ ਨ ਬਦਲੀ ਚਾਲ –
ਸੱਸੀਆਂ ਦੀਆਂ ਕਬਰਾਂ ਦੇ ਉੱਤੋਂ
ਲੰਘ ਲੰਘ ਗਏ ਸਿਆਲ।
ਵਰ੍ਹੇ-ਗੰਢਾਂ ਤੇ ਸਮਾਂ ਪਰਤ ਕੇ
ਤੱਕ ਲਏ ਅੱਖ ਚੁਰਾ ਕੇ,
ਵੇਖ ਕੇ ਲੁਛਦੀਆਂ ਜਿੰਦਾਂ, ਫਿਰ ਉਹ
ਤੁਰ ਜਾਏ ਨੀਵੀਂ ਪਾ ਕੇ।
ਨਾ ਕੋਈ ਗੱਲ ਸਮਾਂ ਹੀ ਗੌਲੇ
ਨਾ ਕੋਈ ਰੱਬ ਹੀ ਕਿਧਰੋਂ ਬਹੁੜੇ, ੨੦
ਕਿਸੇ ਭਟਕਣ ਵਿੱਚ ਤੇਰੀ ਹਸਤੀ,
ਕਿਸੇ ਭਟਕਣ ਵਿਚ ਮੇਰੀ ਹਸਤੀ,
ਕਰੇ ਪਈ ਫਰਿਆਦ।

ਅਜ ਕੋਈ ਆਈ ਯਾਦ :
ਅਜ ਮੇਰੇ ਦਿਲ-ਪੱਤਣ ਉੱਤੇ
ਆਣ ਜੁੜੇ ਨੇ ਮੇਲੇ,
ਜਿਵੇਂ ਜੁੜੇ ਸਨ ਸਾਲਾਂ ਪਹਿਲਾਂ
ਨੀਲ-ਪਾਣੀਆਂ ਕੰਢੇ;

ਅਜ ਮੁੜ ਮਨ-ਭਾਵਾਂ ਵਿੱਚ ਮੇਰੇ
ਉੱਠੇ ਨੇ ਤੂਫ਼ਾਨ, ੩੦
ਮੁੜ ਉਮਡੇ ਨੇ
ਸੀਤ ਹੋਏ ਅਰਮਾਨ ।
ਅਜ ਮੈਨੂੰ ਕੋਈ ਤੇਰੇ ਕੋਲੋਂ
ਸਕਦਾ ਨਹੀਂ ਵਿਛੋੜ ।
ਅਜ ਕੋਈ ਖੇੜੇ ਪੈ ਨਹੀਂ ਸਕਦੀ ਖਹਿੜੇ,
ਅਜ ਕੋਈ ਕਾਜ਼ੀ ਦੇ ਨਹੀਂ ਸਕਦਾ ਫ਼ਤਵੇ,
ਅਜ ਕੋਈ ਕੈਦੋ ਲੱਤ ਨਹੀਂ ਸਕਦਾ ਮਾਰ ।
ਪਰ ਮੈਂ ਕਿਸ ਮਸਤੀ ਵਿੱਚ ਰਿਹਾਂ ਪੁਕਾਰ ?
ਅਜ ਕਿੱਥੇ ਉਹ ਡੂੰਘੇ ਡੂੰਘੇ ਪਿਆਰ ?

ਅਜ ਬੁਲ੍ਹਾਂ ਤੇ ਹੀਰ ਦੇ ਨਕਲੀ ਰੰਗ, ੪੦
ਅਜ ਚੂਚਕ ਦੇ ਮੂੰਹ ਵਿੱਚ ਨਕਲੀ ਦੰਦ,
ਅਜ ਮੁਨਸਫ਼ ਦੇ ਸਿਰ ਤੇ ਨਕਲੀ ਵਾਲ ;
ਅਜ ਕਿੱਥੇ ਉਹ ਅਸਲੀ ਅਸਲੀ ਪਿਆਰ ?
ਪਿਆਰਾਂ ਦੀ ਥਹੁ ਜੇਬਾਂ ਦੀ ਛਣਕਾਰ,
ਅਜ ਦੁਨੀਆ ਦੀਆਂ ਉਂਗਲਾਂ ਕਰਨ ਹਿਸਾਬ :
ਪ੍ਰੀਤਮ ਛੁੰਡੇ ਢਿਡ ਲਈ ਝੁਲਕਾ,
ਪ੍ਰੀਤਮਾ ਮੰਗੇ ਤਨ ਲਈ ਕੱਜਣ,

ਲੋੜਾਂ ਕਰਨ ਖ਼ਰਾਬ !

ਲੋੜਾਂ-ਕੁੱਠੀ ਫਿਰੇ ਲੁਕਾਈ,
ਪਿਆਰ-ਮੁਠੇ ਦੀਵਾਨੇ, ੫੦
ਦੋਹਾਂ ਦੇ ਜੀਵਨ 'ਚ ਭਟਕਣ ਸਾਂਝੀ,
ਦੋਹਾਂ ਦੇ ਜੀਵਨ 'ਚ ਮਰਨ ਵੀ ਸਾਂਝਾ,
ਪਰ ਦੋਹਾਂ ਦੇ ਵੱਖ ਬਹਾਨੇ :
ਰਸੀਆ ਤਾਂ ਮਰਦਾ ਏ
ਪੋਸਤ ਦੀਆਂ ਪੱਤੀਆਂ ਦੀ
ਲਾਲੀ ਦੀ ਅੱਗ ਵਿਚ,
ਮਰਦੀ ਲੁਕਾਈ ਏ
ਪੋਸਤ ਦੇ ਡੋਡੇ ਦੀ
ਕਾਲੀ ਜ਼ਹਿਰ ਵਿੱਚ;
ਪਹਿਲਾ ਤਾਂ ਮਰਨਾ ੬੦
ਸ਼ਹੀਦੀ ਏ ਬੀਬਾ,
ਦੂਜਾ ਤੇ ਆਤਮ ਘਾਤ !

ਮੈਂ ਨਹੀਂ ਜੀਉਂਦਾ ਆਸਾਂ ਦੀ ਖ਼ਾਤਰ,
ਮੈਂ ਨਹੀਂ ਮਰਦਾ ਦੁੱਖਾਂ ਤੋਂ ਡਰ ਕੇ;
ਜੀਉਣਾ ਮੇਰਾ ਤੇਰੇ ਪਿਆਰਾਂ ਦੀ ਬਰਕਤ,

ਮਰਨਾ ਮੇਰਾ ਤੇਰੀ ਦਾਤ ।
ਜੀਵਨ ਸੁਨਹਿਰਾ, ਮੇਰੀ ਦੁਨੀਆ ਸੁਨਹਿਰੀ,
ਤੇਰੇ ਪਿਆਰ ਦੀ ਇਹ 'ਕਰਮਾਤ' ।
ਪੈਂਦੀ ਰਹੇ ਮੇਰੇ ਦਿਲ ਵਿੱਚ ਸ਼ਾਲਾ
ਯਾਦ ਤੇਰੀ ਦੀ ਝਾਤ !

ਅੰਮ੍ਰਿਤਸਰ ੨੨ ਅਪ੍ਰੈਲ ੧੯੫੪

SIKHBOOKCLUB.COM

ਭੈਣ-ਪਿਆਰ ਦੀ ਤੰਦ

SIKHBOOKCLUB.COM

ਕਿਉਂ ਪਈ ਬੰਨ੍ਹੇਂ ਰੇਸ਼ਮ-ਤੰਦਾਂ
ਫੜ ਫੜ ਮੇਰੀਆਂ ਬਾਹਵਾਂ—
ਕੀ ਚਾਹੁਨੀ ਏਂ ਕੁਲ ਉਮਰ ਲਈ
ਮੈਂ ਕੈਦੀ ਹੋ ਜਾਵਾਂ ?
ਕੀ ਕਹਿਨੀ ਏਂ ਤੋੜ ਕੇ ਧਾਗਾ
ਖੁਲ੍ਹ ਸਕਦਾ ਹਾਂ ਕੈਦੋਂ ?
ਹੁਣ ਤਾਂ ਜੇ ਤੂੰ ਆਪ ਵੀ ਖੋਲ੍ਹੇਂ
ਮੈਂ ਖੁਲ੍ਹਣਾ ਨ ਚਾਹਵਾਂ ।

ਟ

ਰਖੜੀ ੧੯੫੦

ਲਖਾਂ ਰਖੜੀਆਂ ਆਈਆਂ, ਗਈਆਂ,
ਲਖਾਂ ਭੈਣ-ਭਰਾਵਾਂ ;
ਲਖਾਂ ਸ਼ਗਨ ਮਨਾਏ ਰਲ ਮਿਲ
ਨਾਲ ਨਰੋਏ ਚਾਵਾਂ ;
ਪਰ ਅਜ ਤੀਕ ਸਮੇਂ ਨੇ ਐਸੀ
ਤੰਦ ਨਾ ਡਿੱਠੀ ਹੋਸੀ
ਜਿਸ ਵਿੱਚ ਮੈਨੂੰ ਬੰਨ੍ਹ ਲੈ ਗਈਆਂ
ਤੇਰੀਆਂ ਪਿਆਰ-ਅਦਾਵਾਂ !

੧੬

ਰਖੜੀ ੧੯੫੦

ਕਿਸੇ ਪਵਿੱਤਰ ਪਿਆਰ ਲਈ
ਜਦ ਰੂਹ ਮੇਰੀ ਸਧਰਾਈ,
ਮੇਰੇ ਮਨ-ਉਪਬਨ ਵਿੱਚ, ਚੰਨੀ,
ਤੂੰ ਚੁਪ ਕੀਤੇ ਆਈ ;
ਮਲ੍ਹਕੜੇ ਜਹੇ ਕੰਨ ਵਿਚ ਮੇਰੇ
ਕਹਿ ਕੇ ਮੈਨੂੰ "ਵੀਰਾ !",
ਭੈਣ-ਪਿਆਰ ਦੀ ਤਾਰ 'ਚ ਮੇਰੀ
ਤੂੰ ਵਲ ਲਈ ਕਲਾਈ ।

੨੪

ਰਖੜੀ ੧੯੫੧

ਤੂੰ ਮੈਨੂੰ ਨਵ-ਜੀਵਨ ਦੇ ਕੇ
ਜੀਵਨ-ਜਾਚ ਸਿਖਾਈ –

SIKHBOOKCLUB.COM

ਸੀਖ ਕੇ ਬੁਝਦਾ ਦੀਪ ਮੇਰਾ
ਤੂੰ ਸਜਰੀ ਜੋਤ ਜਗਾਈ।
ਇਕ ਇਕ ਰੋਮ ਜੇ ਲਖ ਲਖ ਵਾਰੀ
ਪੈਰ ਤੇਰੇ ਨੂੰ ਚੁੰਮੇ,
ਤਾਂ ਵੀ ਪਿਆਰ ਤੇਰੇ ਦੀ ਕੀਮਤ
ਜਾਣੀ ਨਹੀਂ ਚੁਕਾਈ !

੩੨

ਰਖੜੀ ੧੯੫੧

ਲੈ ਕੇ ਅਪਣੀ ਪਿਆਰ-ਗੋਦ ਵਿੱਚ
ਜਦ ਤੂੰ ਮੈਨੂੰ, ਚੰਨੀ,
ਮਹਾਂ-ਪਿਆਰ-ਵੈਰਾਗ 'ਚ ਆ ਕੇ
ਤੰਦ ਸੁਨਹਿਰੀ ਬੰਨ੍ਹੀ,
ਵੇਖਣ ਨੂੰ ਸੂਰਜ ਉੱਠ ਧਾਇਆ
ਦਿਸ-ਹੱਦੇ ਦੇ ਪਾਰੋਂ,
(ਤੇ) ਸਾਗਰ ਚੜ੍ਹ ਅਰਸ਼ਾਂ ਤੇ ਆਇਆ
ਫੜ ਬੱਦਲਾਂ ਦੀ ਕੰਨੀ !

੪੦

ਰਖੜੀ ੧੯੫੨

ਕੀ ਮਿਲੀਆਂ ਦੋ ਵਿਛੜੀਆਂ ਰੂਹਾਂ
ਕੁਦਰਤ ਹੋ ਗਈ ਬੌਰੀ,
ਆਪ-ਮੁਹਾਰੀਆਂ ਖਿੱਚਾਂ ਪਈਆਂ
ਮੇਲ ਨਾ ਹੋਏ ਜੋਰੀ !

ਜੁਗ ਜੁਗ ਜੀਣ ਵੀਰਾਂ ਦੀਆਂ ਭੈਣਾਂ
ਜੁਗ ਜੁਗ ਜੀਵੇ ਰਖੜੀ
ਜੁਗ ਜੁਗ ਜੀਏ ਸਾਨੂੰ ਬੰਨ੍ਹਣ ਵਾਲੀ
ਇਹ ਸੱਧਰਾਂ ਦੀ ਡੋਰੀ !

੪੮

ਅੰਮ੍ਰਿਤਸਰ

ਰਖੜੀ ੧੯੫੩

SIKHBOOKCLUB.COM

ਰੋਜ਼ ਤੱਕਿਆ ਕਰ

ਰੋਜ਼ ਤੱਕਿਆ ਕਰ ਮੇਰੇ ਨੈਣਾਂ 'ਚ ਤੂੰ !
ਬੀਜਿਆ ਕਰ ਤੂੰ ਗ਼ਲਤ-ਫ਼ਹਿਮੀ ਦਾ ਬੀ
ਇਸ ਤਰ੍ਹਾਂ ਹੀ ਮੇਰੇ ਹਿਰਦੇ ਵਿੱਚ ਸਦਾ।
ਇਸ ਗ਼ਲਤ-ਫ਼ਹਿਮੀ ਦੇ ਨਾਲ
ਮੇਰੇ ਜੀਵਨ ਦਾ ਬਦਲ ਜਾਂਦੈ ਸੁਭਾ :
ਮੇਰੀ ਸਤਹੀ ਜ਼ਿੰਦਗੀ, ਜੋ ਸਦਾ ਜੀਂਦਾ ਹਾਂ ਮੈਂ
ਉਹ ਵੀ ਅਪਣਾ ਰੰਗ ਲੈਂਦੀ ਹੈ ਵਟਾ।
ਸ਼ੋਖ਼ੀਆਂ ਦੀ ਥਾਂ ਤੇ ਆ ਜਾਂਦੀ ਏ ਕੁਝ
ਜ਼ਿੰਦਗੀ ਵਿਚ ਥੋੜੀ ਜਿਹੀ ਗੰਭੀਰਤਾ;
ਫੇਰ ਕੁਝ ਚਿਰ ਦੇ ਲਈ ੧੦

ਸੋਚ ਦੇ ਮੰਡਲ 'ਚ ਮੈਂ
ਚਲਾ ਜਾਨਾਂ ਛੋੜ ਕੇ ਜੋਬਨ ਦਾ ਜੋਸ਼।

ਆਦਤਾਂ, ਜੋ ਨ ਜਾਵਣ ਪੋਰੀ ਪੋਰੀ ਕਟਿਆਂ,
ਵਾਦੀਆਂ, ਜੋ ਸਿਰਾਂ ਦੇ ਨਾਲ ਹੀ ਨੇ ਨਿਭਦੀਆਂ,
ਤੇਰੀ ਇਕ ਤਕਣੀ ਦੇ ਨਾਲ,
ਇਸ ਤਰ੍ਹਾਂ ਉੱਡ ਜਾਂਦੀਆਂ ਨੇ ਜਿਸ ਤਰ੍ਹਾਂ
ਮਦ-ਪਿਆਲੀ ਨਾਲ ਉੱਡ ਜਾਂਦੀ ਏ ਹੋਸ਼।

ਰੋਜ਼ ਤੱਕਿਆ ਕਰ ਮੇਰੇ ਨੈਣਾਂ 'ਚ ਤੂੰ :
ਹੌਲੀ ਹੌਲੀ ਸ਼ੈਦ ਇਹ ਮੇਰਾ ਸੁਭਾ
ਬਦਲ ਹੀ ਜਾਏ ਕਦੀ। ੨੦

ਜਿਸ ਤਰ੍ਹਾਂ :
ਰੇਤ ਤੇ ਵੱਜਦੀ ਹੋਈ ਕੋਈ ਸਿਤਾਰ
ਕੁਝ ਸਮੇਂ ਵਿੱਚ ਅਪਣੀਆਂ ਲਹਿਰਾਂ ਦੇ ਨਾਲ,
ਨਿੱਕੇ ਨਿੱਕੇ ਕਿਣਕਿਆਂ ਨੂੰ ਇਸ ਤਰ੍ਹਾਂ
ਹੈ ਪ੍ਰੋ ਲੈਂਦੀ ਕਿਸੇ ਪਰਬੰਧ ਵਿੱਚ,
ਚੁਣ ਕੇ ਜਿਉਂ ਰੱਖੇ ਕਿਸੇ ਹੋਵਣ ਨਿਖਾਰ—
ਐਨ ਓਸੇ ਹੀ ਤਰ੍ਹਾਂ :
ਤੇਰੀ ਇਸ ਤਕਣੀ ਦੇ ਨਾਲ,

ਸੁਰ ਹੋਈ ਵੱਜੇਗੀ ਜਦ ਹਿਰਦੇ-ਸਿਤਾਰ,
ਕੁਝ ਸਮੇਂ ਵਿਚ ਇਸ ਦੀਆਂ ਲਹਿਰਾਂ ਵੀ, ਸ਼ੈਦ, ੩੦
ਮੇਰੇ ਜੀਵਨ-ਕਿਣਕਿਆਂ ਤਾਈਂ ਕਦੇ
ਇਕ ਸੁਘੜ ਪਰਬੰਧ ਵਿਚ ਦੇਵਣ ਪ੍ਰੋ,
ਮੇਰੀ ਸਾਰੀ ਜ਼ਿੰਦਗੀ ਦੇਵਣ ਸੁਆਰ !
ਰੋਜ਼ ਤੱਕਿਆ ਕਰ ਮੇਰੇ ਨੈਣਾਂ 'ਚ ਤੂੰ !

ਲਾਹੌਰ ੧੧ ਜੂਨ ੧੯੪੫

SIKHBOOKCLUB.COM

ਸ਼ਸ਼ੀ ਦੀ ਯਾਦ ਵਿਚ

ਕੋਈ ਵੀ ਜਾਣ ਨ ਸਕਿਆ
ਤੇਰੇ ਤੁਰ ਜਾਣ ਦਾ ਕਾਰਨ !

ਹਜ਼ਾਰਾਂ ਕਲਪਨਾਂ ਨੇ
ਆਪਣਾ ਬਲ ਅਜ਼ਮਾਇਆ ਵੀ ;
ਅਕਲ ਨੇ ਪੰਖ ਲਾ ਕੇ
ਸੋਚ ਦਾ ਆਕਾਸ਼ ਗਾਹਿਆ ਵੀ ;
ਨਿਤਾਣੇ ਗਿਆਨ ਨੇ
ਮੁਰਦਾ ਵੀ ਤੇਰਾ ਫੋਲ ਡਿੱਠਾ,
ਸੁਦਾਈ ਸ਼ੱਕ ਨੇ

SIKHBOOKCLUB.COM

ਅੰਦਰਾ ਵੀ ਤੇਰਾ ਖੋਲ੍ਹ ਕੇ ਡਿੱਠਾ ੧੦
ਮਗਰ ਕੋਈ ਢੂੰਡ ਨ ਸਕਿਆ
ਤੇਰੇ ਛੁਪ ਜਾਣ ਦਾ ਕਾਰਨ;
ਕੋਈ ਵੀ ਜਾਣ ਨ ਸਕਿਆ
ਤੇਰੇ ਤੁਰ ਜਾਣ ਦਾ ਕਾਰਨ !

ਅਜੇ ਤਾਂ ਪਰੀਤ ਨੇ ਪਹਿਲੀ
ਖ਼ੁਸ਼ੀ ਤਕ ਵੀ ਨ ਮਾਣੀ ਸੀ;
ਹੁਸਨ ਨੇ ਅਪਣੀ ਹਾਲੇ
ਕਦਰ ਜਗ ਤੋਂ ਪੁਆਣੀ ਸੀ।
ਜੁਆਨੀ ਦੇ ਮਸਾਂ ਖੋਲ੍ਹੇ ਸੀ
ਹਾਲੇ ਖੰਭ ਤੂੰ ਅਪਣੇ; ੨੦
ਕਿ ਆਪੇ ਅੰਤ ਕਰ ਦਿੱਤੇ
ਮਧੁਰ ਆਰੰਭ ਤੂੰ ਅਪਣੇ।
ਤੂੰ ਬਣਨਾ ਪਿਆਰ ਦੀ ਪਾਤਰ ਸੀ,
ਐਵੇਂ ਪਿਆਰ ਕਰ ਬੈਠੀ;
ਤੂੰ ਅਪਣੇ ਰੂਪ ਨੂੰ ਅਪਣੀ ਨਜ਼ਰ ਵਿਚ
ਖ਼ੁਆਰ ਕਰ ਬੈਠੀ।
ਤੇਰਾ ਉਹ ਦਾਗ਼, ਕੁਦਰਤ ਪਾਲਿਆ
ਤੇ ਪੋਸਿਆ ਜਿਸ ਨੂੰ,

SIKHBOOKCLUB.COM

ਤੂੰ ਬੇਵੱਸ ਪ੍ਰੀਤ ਦੇ ਵੱਸ ਹੋ ਕੇ
ਐਵੇਂ ਕੋਸਿਆ ਉਸ ਨੂੰ ੩੦
ਤੂੰ ਦਿਲ ਵਿਚ ਲੋਚਿਆ ਸ਼ਾਇਦ
ਬਿਨਾਂ ਦਾਗੋਂ 'ਸ਼ਸ਼ੀ' ਹੋਣਾ,
ਕਿ ਸੰਭਵ ਹੋ ਸਕੇ 'ਵਿਕਰਮ' ਕਿਸੇ ਦੀ
'ਉਰਵਸ਼ੀ' ਹੋਣਾ।
ਗੁਆਣਾ ਦਾਗ਼ ਤੂੰ ਚਾਹਿਆ
ਕਰਨ ਲਈ ਪਿਆਰ ਨੂੰ ਵੱਸ ਵਿੱਚ,
ਮਗਰ ਤੂੰ ਆਪ ਗੁੰਮ ਗਈ
ਮੌਤ ਦੀ ਅੰਨ੍ਹੀ ਅਮਾਵਸ ਵਿਚ।
ਤੂੰ ਵਰਨਾ ਪਿਆਰ ਸੀ,
ਰਹਿਣਾ ਸੀ ਉੱਚੀ ਹੋਸ਼ ਦੇ ਅੰਦਰ, ੪੦
ਮਗਰ ਤੂੰ ਮੌਤ ਵਰ ਲਈ
ਜਜ਼ਬਿਆਂ ਦੇ ਜੋਸ਼ ਦੇ ਅੰਦਰ।
ਤੇਰਾ ਉਹ ਦਾਗ਼ ਤੈਨੂੰ ਡਸ ਗਿਆ
ਗੋਦੀ ਦਾ ਸੱਪ ਬਣ ਕੇ,
ਕਿਸੇ ਦੀਆਂ ਅੱਖੀਆਂ ਵਿਚ
ਵਿਚਰ ਨ ਸਕਿਆ ਸੁਹੱਣਪ ਬਣ ਕੇ।

ਕਿਸੇ ਜੰਗਲ 'ਚ ਪਰ ਜੇ

ਫੁੱਲ ਜਾ ਉਗਦਾ ਤਾਂ ਕੀ ਡਰ ਸੀ ?
ਕਿਸੇ ਦੀਆਂ ਅੱਖੀਆਂ ਵਿਚ
ਮੁੱਲ ਨਾ ਪੁਗਦਾ ਤਾਂ ਕੀ ਡਰ ਸੀ ੫੦
ਨਿਰੰਤਰ-ਆਤਮੇ ਅਪਣੇ
ਜੇ ਝਾਤੀ ਮਾਰ ਲੈਂਦੀ ਤੂੰ,
ਕਿਸੇ ਦੀ ਕਦਰ ਨੂੰ
ਅਪਣੀ ਕਦਰ ਤੋਂ ਵਾਰ ਲੈਂਦੀ ਤੂੰ,
ਜੇ ਜਜ਼ਬੇ ਅਪਣੇ ਤੂੰ ਆਤਮਾ ਲਈ
ਪਰ ਬਣਾ ਲੈਂਦੀ,
ਕਿਸੇ ਅਰਸ਼ੀ ਝਰੋਖੇ ਵਿਚ
ਅਪਣਾ ਘਰ ਬਣਾ ਲੈਂਦੀ,
ਤਾਂ ਫਿਰ ਹਸਤੀ ਤੇ ਪਾਂਦੇ ਰਾਸ
ਤੈਨੂੰ ਸਰਬ ਸੁਖ ਦਿਸਦੇ, ੬੦
ਤੇ ਹੇਠਾਂ ਭੋਂ-ਤੇ-ਰੁਲਦੇ-ਕੀਟ ਜਹੇ
ਤੈਨੂੰ ਮਨੁੱਖ ਦਿਸਦੇ ।
ਸਿਤਾਰੇ ਪਾ ਕੇ ਝੁਰਮਟ
ਤੇਰਿਆਂ ਕੇਸਾਂ ਤੇ ਨੱਚ ਉੱਠਦੇ,
ਤੇਰੇ ਨੈਣਾਂ ਦੀ ਲੋ ਤੋਂ
ਦੀਪ ਤਿੰਨ ਕਾਲਾਂ ਦੇ ਮੱਚ ਉੱਠਦੇ ।
ਤੇਰਾ ਅਸਲਾ ਤੇਰੀ ਬੁੱਕਲ 'ਚ

SIKHBOOKCLUB.COM

ਤੇਰਾ ਪਿਆਰ ਬਣ ਜਾਂਦਾ;
ਤੇਰੇ ਪੈਰਾਂ ਦੀ ਮਿੱਟੀ ਤੋਂ
ਨਵਾਂ ਸੰਸਾਰ ਬਣ ਜਾਂਦਾ। ੭੦
ਤੇਰੀ ਉੱਚੀ ਨਿਗਾਹ ਜੀਵਨ-ਖ਼ਲਾ
ਭਰਪੂਰ ਕਰ ਦਿੰਦੀ,
ਕੋਈ ਅੰਦਰ ਦੀ ਜਗਦੀ ਜੋਤ
ਉਹਲੇ ਦੂਰ ਕਰ ਦਿੰਦੀ।
ਪਛਾਣ ਆਪੇ ਦੇ ਨੰਗੇ ਸੁਹਜ ਦੀ
ਜੀਵਨ-ਕਲਾ ਹੁੰਦੀ,
ਤੇਰੇ ਬ੍ਰਹਿਮੰਡ ਵਿੱਚ ਪਸਰੀ ਹੋਈ
ਕੋਈ ਵਾਸ਼ਨਾ ਹੁੰਦੀ।
ਨ ਵਿੱਥਾਂ ਹੁੰਦੀਆਂ ਕੋਈ
ਦਿਲਾਂ ਦੇ ਪਾਟ ਦਾ ਕਾਰਨ; ੮੦
ਨ ਬਣਦਾ ਪਿਆਰ ਤੇਰਾ
ਤੇਰੇ ਆਤਮ-ਘਾਤ ਦਾ ਕਾਰਨ।

ਅੰਮ੍ਰਿਤਸਰ ੨੮ ਮਈ ੧੯੫੪

SIKHBOOKCLUB.COM

ਕੂੰਜ-ਵਿਛੂੰਨੀ

ਤਕ ਅਰਸ਼ਾਂ ਦਾ ਖੁਲ੍ਹਾ ਬੂਹਾ
ਕੋਈ ਸੁਹਜਾਂ ਦੀ ਜਾਈ,
ਇਕ ਟੁਟਦੇ ਤਾਰੇ ਤੇ ਬਹਿ ਕੇ,
ਪਲਮ ਹਿਠਾਹਾਂ ਆਈ।
ਪੱਲੂ ਹੇਠ ਵਿਛਾਓ ਨੀ ਕਲੀਓ,
ਰਸਤਾ ਛੱਡ ਦਿਓ ਕਿਰਨੋਂ,
ਖ਼ਬਰੇ, ਕਿਹੜੀ ਕੂੰਜ-ਵਿਛੂੰਨੀ
ਮੁੜ ਪਰਦੇਸੋਂ ਆਈ!

ਟ

ਫ਼ੀਰੋਜ਼ਪੁਰ ੨੨ ਦਸੰਬਰ ੧੯੫੩

SIKHBOOKCLUB.COM

ਕਿੰਗਰੇ

SIKHBOOKCLUB.COM



SIKHBOOKCLUB.COM

ਘੋਰ ਹਨੇਰਿਆਂ ਉਹਲੇ

ਮਨ ਦੇ ਕੋਮਲ ਕਿੰਗਰਿਆਂ ਉੱਤੇ
ਸੁਹਲ ਸੁਹਲ ਪਗ ਧਰਦੀ,
ਜੀਵਨ ਦੀ ਧਰਤੀ ਤੇ 'ਜੋਤੀ'
ਨਾਚ ਪਈ ਹੈ ਕਰਦੀ।
ਪਰ ਮਨ ਦੀਆਂ ਅਚੇਤ ਤੈਹਾਂ ਦੇ
ਘੋਰ ਹਨੇਰਿਆਂ ਉਹਲੇ,
ਲਖ ਕਲਮੂੰਹੇਂ ਭਵਾਂ ਦੀ ਹੈ
ਮਚੀ ਹੋਈ ਜੁਗ-ਗਰਦੀ।

SIKHBOOKCLUB.COM

ਅੰਮ੍ਰਿਤਸਰ ੨੮ ਮਈ ੧੯੫੪

ਨਵ-ਜਨਮੇ ਨੂੰ

ਮਾਂ-ਗੋਦੀ ਵਿੱਚ, ਹੇ ਨਵ-ਜਨਮੇ,
ਰੋ ਰੋ ਹਾਲ ਗੁਆਂਦੇ,
ਤੂੰ ਰੋਵੇਂ, ਤੇ ਗਿਰਦ ਤੇਰੇ, ਪਏ
ਸਭ ਕਿਲਕਿਲੀਆਂ ਪਾਂਦੇ;
ਇਕ ਦਿਨ ਪਰ, ਸੁਖ-ਨੀਂਦੇ ਸੁੱਤਾ
ਤੂੰ ਮੁਸਕਾਂਦਾ ਹੋਸੇਂ —
ਤੇ ਇਰਦ ਗਿਰਦ ਸਭ ਹੋਸਣ ਤੇਰੇ
ਹਾਲ-ਦੁਹਾਈਆਂ ਪਾਂਦੇ। ੮

ਅੰਮ੍ਰਿਤਸਰ ੨੫ ਦਸੰਬਰ ੧੯੫੩

SIKHBOOKCLUB.COM

ਗਿਣੀਏ ਮਿੱਤਰ ਪਿਆਰੇ

ਕਿਉਂ ਚੁਣੀਏ ਅਸੀਂ ਝੜਦੇ ਪੱਤਰ,
(ਅਨੀ) ਫੁਲ ਚੁਣੇਂਦੇ ਨੀ ਸਾਰੇ;
ਕਿਉਂ ਗਿਣੀਏ ਢਲਦੇ ਪਰਛਾਵੇਂ,
ਸਭ ਗਿਣਦੇ ਨੀ ਅਰਸ਼ੀ ਤਾਰੇ;
ਜੀਵਨ 'ਚੋਂ ਚੁਣੀਏ ਮੁਸਕਾਣਾਂ
ਹੰਝੂ ਕੇਰਨ ਛੱਡ ਕੇ,
ਉਮਰ ਦੇ ਸਾਲ ਨ ਗਿਣੀਏ, ਚੰਨੀਏ,
ਗਿਣੀਏ ਮਿੱਤਰ ਪਿਆਰੇ। ੮

ਅੰਮ੍ਰਿਤਸਰ ੧ ਜਨਵਰੀ ੧੯੫੪

PUNJABIBOOKCLUB.COM

ਫੁੱਲ ਦਾ ਭੇਤ

"ਵੇਖ ਇਕੱਲ ਚੁਗਿਰਦ ਚੁਫੇਰੇ,
ਮੇਰੇ ਕਿਰ ਪਏ ਹੰਝੂ ਝੱਲੇ;
ਰੁਮਕੀ ਪੌਣ ਤੇ ਮੈਂ ਮੁਸਕਾਇਆ
ਮੈਥੋਂ ਹਾਸੇ ਗਏ ਨ ਠਲ੍ਹੇ—
ਮੈਂ ਹੱਸਿਆ, ਹੱਸਿਆ ਕੁਲ ਆਲਮ,
ਤੇ ਭੇਤ ਮੈਨੂੰ ਇਹ ਲੱਭਾ :
ਹਸੇ ਤਾਂ ਦੁਨੀਆ ਨਾਲ ਤੁਹਾਡੇ,
ਰੋਏ ਤਾਂ ਤੁਸੀਂ ਇਕੱਲੇ।" ੮

ਅੰਮ੍ਰਿਤਸਰ ਮਈ ੧੯੫੦

SIKHBOOKCLUB.COM

ਮੇਲ-ਵਿਛੋੜਾ

ਸਮਿਆਂ ਤੋਂ ਸਿਕਦੀ ਸੀ ਧਰਤੀ
ਨੀਝ ਅਕਾਸ਼ੀਂ ਲਾ ਕੇ,
ਆਖਰ ਇਕ ਦਿਨ ਰਹਿਮਤ ਪਾਈ,
ਅਰਸ਼ਾਂ ਮੀਂਹ ਵਸਾ ਕੇ;
ਐਪਰ ਇਕ ਦੋ ਘੜੀਆਂ ਰਹਿ ਕੇ
ਤੁਰ ਗਿਆ ਛੁਹਲਾ ਪਾਣੀ,
ਮੁੜ ਕਰਮਾਂ-ਮਾਰੀ ਧਰਤੀ ਦੇ
ਫਟ ਸੀਨੇ ਵਿਚ ਪਾ ਕੇ।

ਟ

ਅੰਮ੍ਰਿਤਸਰ ਮਾਰਚ ੧੯੪੮

SIKHBOOKCLUB.COM

ਜਦ ਵੀ

ਜਦ ਵੀ ਕੋਈ ਫੁੱਲ ਗੁਲਾਬੀ
ਮਾਰੇ ਭਾਅ ਨਿਰਾਲੀ,
ਮੈਂ ਜਾਣਾ ਉਸ ਧਰਤੀ ਵਿਚ ਹੈ
ਇਸ਼ਕ ਦੇ ਖ਼ੂਨ ਦੀ ਲਾਲੀ।
(ਤੇ) ਜਿੱਥੋਂ ਵੀ ਕੋਈ ਫੁਟ ਕੇ ਨਿਕਲੇ
ਨਰਗਸ-ਕਲੀ ਸੁਹਾਵੀ,
ਉੱਥੇ ਹੀ ਕੋਈ ਅੱਖ ਸ਼ਰਮਾਕਲ
ਮੈਨੂੰ ਦਏ ਦਿਖਾਲੀ।

ਟ

(ਖ਼ਯਾਮ ਦੇ ਅਧਾਰ ਤੇ)

ਅੰਮ੍ਰਿਤਸਰ ੨੮ ਮਈ ੧੯੫੪

SIKHBOOKCLUB.COM

ਦਿਨ ਚੜ੍ਹਦੇ

ਸੂਰਜ ਚੜ੍ਹਦੇ ਸਾਰ ਜ਼ਿਮੀਂ ਤੇ
ਲੱਖ ਕਲੀਆਂ ਮੁਸਕਾਈਆਂ ;
ਲੱਖਾਂ ਹੀ, ਪਰ, ਦਿਨ-ਚੜ੍ਹਦੇ ਨੇ
ਮਿੱਟੀ ਵਿਚ ਮਿਲਾਈਆਂ ।
ਭਾਵੇਂ ਆਈ ਬਸੰਤ ਸੁਹਾਵੀ
ਲੱਖ ਮੁਸਕਾਨਾਂ ਵੰਡਦੀ,
ਕਈ ਪਛਾਤੀਆਂ ਮੁਸਕੜੀਆਂ
ਪਰ, ਨਜ਼ਰ ਨ ਸਾਨੂੰ ਆਈਆਂ । ੮

(ਖ਼ਯਾਮ ਦੇ ਅਧਾਰ ਤੇ)

ਅੰਮ੍ਰਿਤਸਰ ੨੮ ਮਈ ੧੯੫੪

SIKHBOOKCLUB.COM

ਸ਼ਗਨ ਮਨਾਂਦੀ ਦੇ

ਸ਼ਗਨ ਮਨਾਂਦੀ ਦੇ ਨੈਣਾਂ ਵਿਚ
ਡੁਲ੍ਹਣ ਖ਼ਾਤਰ ਤੁਲੇ,
ਪਰ ਜੋ ਬਦਸ਼ਗਨੀ ਤੋਂ ਡਰਦੇ
ਅਜੇ ਤੀਕ ਨਾ ਡੁਲ੍ਹੇ :
ਡਲ੍ਹ ਡਲ੍ਹ ਕਰਦੇ, ਡੁਲ੍ਹ ਡੁਲ੍ਹ ਪੈਂਦੇ,
ਡਕ ਡਕ ਜੋ ਉਸ ਰੱਖੇ,
ਝੱਲੀ ਭੈਣ ਮੇਰੀ ਦੇ ਮੈਨੂੰ
ਉਹ ਅੱਥਰੂ ਨਹੀਂ ਭੁਲੇ ੮

ਮੁਗ਼ਲਪੁਰਾ ੧੨ ਮਈ ੧੯੪੬

SIKHBOOKCLUB.COM

ਭਾਵੇਂ

ਭਾਵੇਂ ਸਹਿਸ ਨੇਤਰਾਂ ਵਾਲਾ
ਪਿਆਰ 'ਚ ਗਲੇ ਲਗਾਵੇ,
ਭਾਵੇਂ ਮਧ-ਮੱਥੇ ਦੀ ਅੱਖ 'ਚੋਂ
ਕ੍ਰੋਧ ਦੀ ਅੱਗ ਵਰ੍ਹਾਵੇ :
ਮੈਂ ਇਹ ਕਹਿਣੋਂ ਮੂਲ ਨਹੀਂ ਝਕਣਾ
ਕਿ ਮੈਂ ਮੰਦਿਰਾਂ ਕੋਲੋਂ
ਮੈਨੂੰ ਪਿਆਰਾ ਦਿਲ ਕੋਈ
ਜਿੱਥੇ ਝਾਤ ਉਹ ਦਿਲਬਰ ਪਾਵੇ ।

ਅੰਮ੍ਰਿਤਸਰ ਮਈ ੧੯੫੪

SIKHBOOKCLUB.COM

ਭਟਕਣ

ਇਸ ਭਟਕਣ ਵਿਚ ਭਰਮ ਭਰਮ ਕੇ
ਮੈਂ ਲਖ ਜਨਮ ਬਿਤਾਏ,
ਗੁਝਾ ਰਾਜ਼ ਮਤੇ ਹਸਤੀ ਦਾ
ਕਿਸੇ ਥਾਉਂ ਲਭ ਜਾਏ;
ਐਪਰ ਏਸ ਅਨੰਤ-ਭਾਲ ਵਿਚ
ਪਰ ਅਪਣੇ ਪਟਕਾ ਕੇ,
ਹੋਰ ਕਿਤੇ ਭਟਕਣ ਦੀ ਖ਼ਾਤਰ
ਪੈ ਚਲਿਆ ਹਾਂ ਰਾਹੇ।

ਟ

ਅੰਮ੍ਰਿਤਸਰ ੨੦ ਸਤੰਬਰ ੧੯੫੨

SIKHBOOKCLUB.COM

ਕਵਿਤਾ, ਕਵੀ ਦੇ ਮਨੋਭਾਵਾਂ ਦਾ ਵੇਗਮਈ ਪ੍ਰਗਟਾਓ ਹੈ। ਕਵੀ ਦੇ ਖ਼ਿਆਲ ਉਸ ਦੀ ਸ਼ਖ਼ਸੀਅਤ ਵਿਚ ਢਲੇ ਖ਼ਿਆਲ ਹੁੰਦੇ ਹਨ। ਮੇਰਾ ਵਿਦਿਅਕ ਪਿਛਵਾੜਾ ਵਿਗਿਆਨਕ ਤੇ ਸੁਗਿਆਨਕ ਹੈ। ਇਸ ਲਈ ਕੁਦਰਤੀ ਤੌਰ ਤੇ ਮੇਰੀ ਕਵਿਤਾ ਵਿਚ ਵੀ ਵਿਗਿਆਨਕ ਤੇ ਸੁਗਿਆਨਕ ਇਸ਼ਾਰੇ ਆ ਗਏ ਹਨ। ਇਨ੍ਹਾਂ ਨੋਟਾਂ ਰਾਹੀਂ ਮੈਂ ਸਾਇੰਸ ਤੇ ਫ਼ਲਸਫ਼ੇ ਦੇ ਉਨ੍ਹਾਂ ਸਿਧਾਂਤਾਂ ਬਾਰੇ ਵਾਕਫ਼ੀ ਦੇਣ ਦਾ ਜਤਨ ਕੀਤਾ ਹੈ, ਜਿਨ੍ਹਾਂ ਦੇ ਇਸ਼ਾਰੇ ਮੇਰੀ ਕਵਿਤਾ ਵਿਚ ਆਏ ਹਨ।

ਕੁਝ ਮੇਰੀਆਂ ਨਿੱਜੀ ਯਾਦਾਂ ਹਨ ਜਿਨ੍ਹਾਂ ਦੀ ਵਾਕਫ਼ੀ "ਪੈਰ-ਚਿੱਤਰ" ਕਾਂਡ ਵਿਚ ਆਈਆਂ ਕਵਿਤਾਵਾਂ ਦਾ ਪਿਛਵਾੜਾ ਸਮਝਣ ਲਈ ਖ਼ਾਸ ਕਰ ਜ਼ਰੂਰੀ ਹੈ। ਇਹ ਵਾਕਫ਼ੀ ਵੀ ਇਨ੍ਹਾਂ ਨੋਟਾਂ ਵਿਚ ਸ਼ਾਮਲ ਕਰ ਦਿੱਤੀ ਗਈ ਹੈ।

ਆਪਣੀ ਕਵਿਤਾ ਵਿਚ ਆਏ ਅਜਿਹੇ ਖ਼ਿਆਲਾਂ ਤੋਂ ਵੀ ਪਾਠਕਾਂ ਨੂੰ ਜਾਣੂ ਕਰਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਬਾਹਰੋਂ ਸਵੀਕਾਰ ਕੀਤੇ ਹਨ।

ਫੁੱਲ ਜਾਂ ਵੱਟੇ

੧. ਪੰਨੇ ੧੯-੨੦ :

ਅੰਗਰੇਜ਼ ਕਵੀ 'ਬਟਲਰ' (Butler) ਸਾਰੀ ਉਮਰ ਭੁੱਖਾ ਮਰ ਗਿਆ। ਮਰਨ ਪਿਛੋਂ ਉਸ ਦੀ ਕਦਰ ਪਈ। ਮਸ਼ਹੂਰ ਗਿਰਜਾ ਘਰ Westminster Abbey ਵਿਚ ਉਸ ਦੀ ਕੱਬਰ ਬਣੀ ਤੇ ਉਸ ਉਤੇ ਬੜੇ ਵਧੀਆ ਪੱਥਰ ਲਾਏ ਗਏ। ਬਟਲਰ ਦੀ ਕੱਬਰ ਤੇ ਸੈਮੂਅਲ ਵੈਜ਼ਲੇ (Samual Wesley) ਨੇ ਇਕ ਕਵਿਤਾ ਲਿਖੀ, ਜਿਸ ਵਿਚ ਉਹ ਕਹਿੰਦਾ ਹੈ :

The poet's fate is here in emblem shown,
He asked for bread, and he received a stone.

SIKHBOOKCLUB.COM

ਦੰਦਕੀੜਾਂ

੨. ਪੰਨਾ ੨੨ :

ਦੰਦਕੀੜਾਂ (ਪੋਠੋਹਾਰੀ) = ਦੰਦੀੜਾਂ, ਕਚੀਚੀਆਂ।

੩. ਪੰਨਾ ੨੪, ਸਤਰ ੩੧ :

ਅਜ ਸੰਸਾਰ ਵਿਚ ਖ਼ਿਆਲਾਂ ਜਾਂ ਨੀਤੀ ਦੀ ਜੰਗ ਛਿੜੀ ਹੋਈ ਹੈ। ਵੱਡੇ ਦੇਸ, ਨਿਕੇ ਨਿਕੇ ਦੇਸਾਂ ਨੂੰ ਜਿੱਤ ਕੇ ਮਾਤਹਿਤ ਕਰਨ ਦੀ ਥਾਂ, ਮਨੋ-ਵਿਗਿਆਨਕ ਗ਼ਲਬਾ ਪਾ ਕੇ ਉਨ੍ਹਾਂ ਨੂੰ ਆਪਣੇ ਅਸਰ ਹੇਠ ਲਿਆਉਣਾ ਚਾਹੁੰਦੇ ਹਨ। ਅਜਿਹੀ ਮਨੋਵਿਗਿਆਨਕ ਜੰਗ ਦੇ ਤਰੀਕੇ ਬੜੇ ਸੂਖਮ ਹਨ। ਲੜਾਈ ਦੇ ਹਥਿਆਰ ਤੀਰਾਂ-ਤਲਵਾਰਾਂ ਅਤੇ ਤੋਪਾਂ-ਬੰਦੂਕਾਂ ਤੋਂ ਸੂਖਮ ਹੋ ਕੇ ਐਟਮੀ ਲੜਾਈ ਤੇ ਆ ਪਹੁੰਚੇ ਹਨ, ਪਰ ਇਸ ਮਾਨਸਿਕ ਜੰਗ ਦੇ ਸਾਧਨ ਐਟਮ ਨਾਲੋਂ ਵੀ ਬਰੀਕ ਤੇ ਮਹੀਨ ਹਨ।

੪. ਪੰਨਾ ੨੬, ਸਤਰਾਂ ੮੦-੮੧ :

ਕਮਿਊਨਿਸਟ ਸਿਧਾਂਤ ਮੁਤਾਬਕ, ਉਸਾਰੀ ਤੋਂ ਪਹਿਲਾਂ, ਭੰਨ-ਤੋੜ ਬੜੀ ਜ਼ਰੂਰੀ ਹੈ। ਇਸ ਲਈ ਕਮਿਊਨਿਸਟ ਲੋਕ, ਕਾਮਿਆਂ-ਕਿਰਸਾਨਾਂ ਵਿਚ ਪਹਿਲਾਂ ਇਕ ਦਾਤੂ ਤੇ ਤੋੜੂ ਫੌੜੂ ਬਿਰਤੀ ਪੈਦਾ ਕਰਦੇ ਹਨ, ਜੋ ਪੁਰਾਣੇ ਨਜ਼ਾਮ ਨੂੰ ਬਰਬਾਦ ਕਰਨ ਵਿਚ ਸਹਾਇਕ ਹੋ ਸਕੇ।

ਆਓ ਪੰਛੀਓ

੫. ਪੰਨਾ ੩੫, ਸਤਰਾਂ ੫-੨੩ :

'ਆਦਮ' ਇਕ ਹਿਬਰੀਊ (Hebrew) ਸ਼ਬਦ ਹੈ, ਜਿਸ ਦਾ ਅਰਥ ਹੈ 'ਮਨੁੱਖ'। ਪੁਰਾਤਨ ਇੰਜੀਲ (Old Testament) ਵਿਚ ਸੰਸਾਰ-ਉਤਪਤੀ ਦੀ ਜੋ ਵਿਥਿਆ ਦਰਜ ਹੈ, ਉਸ ਅਨੁਸਾਰ 'ਆਦਮ' ਸੰਸਾਰ ਦੇ ਪਹਿਲੇ ਮਨੁੱਖ ਦਾ ਨਾਮ ਹੈ। ਸੰਸਾਰ ਦੀ ਪਹਿਲੀ ਤੀਵੀਂ ਹੱਵਾ ਰੱਬ ਨੇ ਉਸ ਦੀ ਪਸਲੀ ਵਿਚੋਂ ਬਣਾਈ। ਆਦਮ ਤੇ ਹੱਵਾ ਅਦਨ ਦੇ ਬਾਗ਼ ਵਿਚ ਰਹਿੰਦੇ ਸਨ। ਉਸ ਬਾਗ਼ ਵਿਚ ਸੱਪ ਵੀ ਸੀ—ਅਸਲ ਵਿਚ 'ਸ਼ੈਤਾਨ' ਆਪ ਸੱਪ ਦੇ ਰੂਪ ਵਿਚ ਸਾਕਾਰ ਹੋਇਆ ਸੀ। ਉਸ ਨੇ ਹੱਵਾ ਨੂੰ ਭਰਮਾ ਕੇ ਉਹ ਫਲ ਖਾਣ ਲਈ ਤਿਆਰ ਕਰ ਲਿਆ, ਜਿਸ ਤੋਂ ਰੱਬ ਨੇ ਆਦਮ ਤੇ ਹੱਵਾ ਨੂੰ ਵਰਜਿਆ ਹੋਇਆ ਸੀ। "ਇਹ ਫਲ ਖਾ ਕੇ ਤੈਨੂੰ ਚੰਗੇ ਤੇ ਮੰਦੇ ਦੀ ਪਛਾਣ ਹੋ ਜਾਏਗੀ," ਸ਼ੈਤਾਨ ਨੇ ਕਿਹਾ। ਤਾਂ ਹਵਾ ਨੇ ਆਪ ਵੀ ਉਹ ਫਲ ਖਾਧਾ ਤੇ ਉਸ ਦੇ ਕਹਿਣ ਤੇ ਆਦਮ ਨੇ ਵੀ ਉਹ ਵਰਜਿਤ ਫਲ ਖਾ ਲਿਆ। ਇਉਂ ਆਦਮ ਤੇ ਹੱਵਾ ਰੱਬ ਦੇ ਕਰੋਧ ਦੇ ਭਾਗੀ ਬਣੇ ਤੇ ਉਨ੍ਹਾਂ ਨੂੰ ਅਦਨ ਦੇ ਬਾਗ਼ ਵਿਚੋਂ ਕਢ ਕੇ ਹੇਠਾਂ ਧਰਤੀ ਤੇ ਸੁਟ ਦਿੱਤਾ ਗਿਆ। ਆਦਮ ਦੇ ਡਿਗਣ (Fall) ਦੀ ਇਹ ਵਿਥਿਆ ਬੜੀ ਪਰਮਾਣੀਕ ਕਥਾ ਹੈ (Genesis)।

੬. ਪੰਨੇ ੩੬-੩੭, ਸਤਰਾਂ ੨੯-੩੬ :

ਅੰਗਰੇਜ਼ ਕਵੀ ਵਰਡਜ਼ਵਰਥ (Wordsworth) ਨੇ ਵੀ ਇਹ ਖ਼ਿਆਲ ਦਿਤਾ ਹੈ ਕਿ ਬੱਚਾ 'ਅਰਸ਼ੀ-ਆਲ੍ਹਣੇ' ਤੋਂ ਹੁਣੇ ਹੁਣੇ ਆਇਆ ਹੋਣ ਕਰਕੇ

ਅਰਸ਼ੀ ਅਸਲੇ ਦੇ ਬਹੁਤ ਨੇੜੇ ਹੁੰਦਾ ਹੈ । (Ode to Immortality from Recollections of Early Childhood.)

੭. ਪੰਨਾ ੩੮, ਸਤਰਾਂ ੫੧-੬੨ :

ਫਰਾਇਡ (Freud) ਤੇ ਹੋਰ ਮਨੋਵਿਸ਼ਲੇਸ਼ਕਾਂ ਦੇ ਸਿਧਾਂਤ ਅਨੁਸਾਰ ਲਿੰਗ-ਮਨੋਬਿਰਤੀ (Sex Instinct) ਬਚਪਨ ਵਿਚ ਹੀ ਉਜਾਗਰ ਹੋ ਜਾਂਦੀ ਹੈ। ਹਰ ਬਾਲਕ ਆਪਣੀ ਮਾਂ ਦੇ ਪਿਆਰ ਵਿਚ ਆਪਣੇ ਪਿਤਾ ਨੂੰ ਆਪਣਾ ਸ਼ਰੀਕ ਸਮਝਦਾ ਹੈ, ਤੇ ਇਉਂ ਆਪਣੇ ਪਿਤਾ ਲਈ ਇਕ ਅਗਿਆਤ ਤੇ ਅਚੇਤ ਘਿਰਣਾ ਉਸ ਦੇ ਦਿਲ ਵਿਚ ਪੈਦਾ ਹੋ ਜਾਂਦੀ ਹੈ।

ਕੀ ਹੈ ਇਹ ਇਨਸਾਨ

੮. ਪੰਨਾ ੪੨, ਸਤਰ ੨੫ :

ਮਧ ਕਾਲੀਨ ਸਮੇਂ ਵਿਚ ਇਹ ਵਿਸ਼ਵਾਸ ਸੀ ਕਿ ਰਾਜੇ ਰੱਬ ਦੇ ਘੱਲੇ ਹੋਏ ਹੁੰਦੇ ਹਨ ਤੇ ਉਨ੍ਹਾਂ ਵਿਚ ਰੱਬ ਨੇ ਖ਼ਾਸ ਅਧਿਕਾਰ (Divine Rights of Kings) ਅਸਥਾਪਨ ਕੀਤੇ ਹੁੰਦੇ ਹਨ।

SIKHBOOKCLUB.COM

੯. ਪੰਨਾ ੪੩, ਸਤਰ ੨੯ :

ਪੂਰਵ-ਜੀਵ-ਵਾਦੀਆਂ (Pre-animists) ਦੀ ਥੀਉਰੀ ਅਨੁਸਾਰ, ਮਨੁੱਖ ਦੇ ਦਿਲ ਵਿਚ ਕੁਦਰਤ ਦੀਆਂ ਤਾਕਤਾਂ ਨੂੰ ਵੇਖ ਕੇ ਡਰ, ਹੈਰਾਨੀ ਆਦਿ ਦੇ ਜਜ਼ਬਿਆਂ ਤੋਂ ਧਰਮ ਦਾ ਮੂਲ ਉਤਪੰਨ ਹੋਇਆ ਮੰਨਿਆ ਜਾਂਦਾ ਹੈ। ਧਰਮ ਦੇ ਮੂਲ ਬਾਰੇ ਸਾਰੀਆਂ ਥੀਉਰੀਆਂ ਵਿਚੋਂ ਇਹ ਸਿਧਾਂਤ ਸਭ ਤੋਂ ਵਧੀਕ ਪਰਮਾਣੀਕ ਮੰਨਿਆ ਜਾਂਦਾ ਹੈ।

ਖੇਡ ਲੈ ਬੱਚੇ ਮੇਰੇ

੧੦, ਪੰਨਾ ੫੧, ਸਤਰਾਂ ੫-੧੭ :

ਬੱਚੇ ਆਪਣੀਆਂ ਖੇਡਾਂ ਵਿਚ ਖ਼ਿਆਲੀ ਪੁਲਾ (Phantasies) ਪਕਾਂਦੇ

ਰਹਿੰਦੇ ਹਨ, ਪਰ ਉਹ ਇਨ੍ਹਾਂ ਸੁਪਨਿਆਂ ਨੂੰ ਸੁਪਨੇ ਨਹੀਂ ਸਮਝਦੇ, ਸਗੋਂ ਅਸਲੀਅਤ ਸਮਝਦੇ ਹਨ। ਪੱਥਰਾਂ-ਕੰਕਰਾਂ ਤੇ ਲਕੜੀ ਦੇ ਟੋਟਿਆਂ ਨਾਲ ਬਣਾਏ ਹੋਏ ਘਰ ਉਨ੍ਹਾਂ ਨੂੰ ਸਚ-ਮੁਚ ਦੇ ਪਰੀਆਂ ਦੇ ਘਰ ਜਾਪ ਸਕਦੇ ਹਨ, ਕਿਉਂ ਜੁ ਉਹ ਸੁਪਨੇ (Phantasy) ਤੇ ਅਸਲੀਅਤ ਦਾ ਨਿਖੇੜਾ ਨਹੀਂ ਕਰ ਸਕਦੇ।

੧੧. ਪੰਨਾ ੫੨, ਸਤਰਾਂ ੧੯-੨੮ :

ਜਾਪਾਨ ਵਿਚ ਐਟਮ ਬੰਬਾਂ ਦੇ ਸੁਟਣ ਤੋਂ ਪੈਦਾ ਹੋਏ ਹਾਲਾਤ ਦੀ ਤਸਵੀਰ।

੧੨. ਪੰਨਾ ੫੩, ਸਤਰਾਂ ੩੮-੪੩ :

ਸੰਸਾਰ ਦੀਆਂ ਦੋਵੇਂ ਵਡੀਆ ਰਾਜਸੀ ਤਾਕਤਾਂ ਸੰਸਾਰ ਦੇ ਸਾਰੇ ਦੇਸਾਂ ਨੂੰ ਆਪਣੇ ਰਾਜਸੀ ਰਸੂਖ ਦੇ ਦਾਇਰੇ ਵਿਚ ਲਿਆਉਣ ਲਈ ਭਿਆਨਕ ਤੋਂ ਭਿਆਨਕ ਜਤਨਾਂ ਵਿਚ ਰੁਝੀਆਂ ਹੋਈਆਂ ਹਨ।

ਧਰਮ ਦੇ ਬੀਤ ਰਹੇ ਜੁਗ ਚਾਰ

SIKHBOOKCLUB.COM

੧੩. ਪੰਨਾ ੫੫, ਸਤਰਾਂ ੩-੨੦ :

ਵੇਖੋ ਨੋਟ ਨੰ: ੧੦।

੧੪. ਪੰਨਾ ੬੦, ਸਤਰ ੯੬ :

ਮਸ਼ਹੂਰ ਫ਼ਰਾਂਸੀਸੀ ਫ਼ਿਲਾਸਫ਼ਰ ਡੇਕਾਰਤ ਦਾ ਕਥਨ :

Doubt is the beginning of wisdom--Descartes.

੧੫. ਪੰਨਾ ੫੯, ਸਤਰਾਂ ੮੩-੮੫ :

ਧਰਮ ਦੇ ਵਿਰੁੱਧ ਵੱਡੇ ਇਲਜ਼ਾਮਾਂ ਵਿਚੋਂ ਇਕ ਇਹ ਹੈ ਕਿ ਇਸ ਨੇ ਆਪਣੇ ਮਕਸਦਾਂ ਦੀ ਖ਼ਾਤਰ ਭਿਆਨਕ ਜੰਗਾਂ ਵਿਚ ਕੌਮਾਂ ਨੂੰ ਧੱਕ ਕੇ ਅਨੇਕਾਂ

[ਅਰਬਾਂ ਖਰਬਾਂ] ਜਾਨਾਂ ਨੂੰ ਅਜਾਈਂ ਮੌਤ ਮਾਰਿਆ। ਯੂਰਪ ਵਿਚ ਪੋਪ-ਗਰਦੀ ਨੇ ਪਿਛਲੀਆਂ ੧੧ ਸਦੀਆਂ ਵਿਚ ਆਪਣੇ ਹੱਕਾਂ ਤੇ ਹਿਫਾਜ਼ਤ ਦੀ ਖ਼ਾਤਰ ਅਨੇਕਾਂ ਜੰਗ ਕਰਾਏ। ਤੀਹ-ਸਾਲਾ ਜੰਗ, ਜਿਸ ਨੇ ਅੱਧੇ ਯੂਰਪ ਦੀ ਸੱਭਿਅਤਾ ਨੂੰ ਇਕ ਸਦੀ ਪਿੱਛੇ ਧੱਕ ਦਿੱਤਾ ਸੀ, ਪੋਪ-ਗਰਦੀ ਦੀ ਹੀ ਲਾਈ ਹੋਈ ਅੱਗ ਦਾ ਨਤੀਜਾ ਸੀ। ਇਵੇਂ ਮੁਸਲਮਾਨਾਂ ਤੇ ਈਸਾਈਆਂ ਵਿਚਕਾਰ ਲੜੇ ਗਏ 'ਸੂਲੀ ਦੇ ਜੰਗ' [The crusades] ਵੀ ਅਨੇਕਾਂ ਸ਼ਰਧਾਵਾਨਾਂ ਦੇ ਖ਼ੂਨ ਦਾ ਕਾਰਨ ਬਣੇ। ਇਹ ਜੰਗ, ਜੋ ਸ਼ੁਰੂ ਵਿਚ ਈਸਾਈ ਰਾਜਿਆਂ ਨੇ ਫ਼ਲਸਤੀਨ ਦੀ 'ਪਵਿੱਤਰ ਧਰਤੀ' ਨੂੰ ਮੁਸਲਮਾਨਾਂ ਦੇ ਪੰਜੇ ਹੇਠੋਂ ਛੁਡਾਉਣ ਵਾਸਤੇ ਅਰੰਭੇ, ਪੋਪ-ਗਰਦੀ ਦੇ ਅਸਰ ਹੇਠਾਂ ਸਪੇਨ ਦੇ ਅਮਨ-ਪਸੰਦ ਅਮੀਰ ਮੁਸਲਮਾਨਾਂ ਤੇ ਪੋਪ ਦੇ ਅਧਿਕਾਰਾਂ ਤੋਂ ਬਾਗ਼ੀ ਈਸਾਈ ਬਾਦਸ਼ਾਹਾਂ ਨੂੰ ਮਿਟਾਉਣ ਲਈ ਵਰਤੇ ਗਏ। ਇਵੇਂ ਹੀ ਮੁਸਲਮਾਨ ਜਰਵਾਣਿਆਂ ਦਾ 'ਜਹਾਦ' ਯੂਰਪ ਤੇ ਏਸ਼ੀਆ ਦੀਆਂ ਅਨੇਕਾਂ ਕੌਮਾਂ ਤੇ ਤਸ਼ੱਦਦ ਦਾ ਕਾਰਨ ਬਣਿਆ। ਇਸ ਤੋਂ ਛੁਟ ਹਰ ਦੇਸਾਂ ਵਿਚ ਪੁਜਾਰੀ ਤਬਕੇ ਨੇ ਇਨਸਾਫ਼ ਨੂੰ ਛਿਕੇ ਤੇ ਟੰਗ ਕੇ, ਆਪਣੇ ਮੁਲਕ ਦੀ ਹਕੂਮਤ ਨੂੰ ਹਰ ਜਾਇਜ਼ ਨਾਜਾਇਜ਼ ਗੱਲ ਵਿਚ ਮਦਦ ਕੀਤੀ—ਜਾਪਾਨ ਦੇ ਬੋਧੀ ਪੁਜਾਰੀ ਤੇ ਇਟਲੀ ਦੇ ਪੁਜਾਰੀ ਇਸ ਗੱਲ ਦੀ ਮਿਸਾਲ ਹਨ। ਸਿੱਖ ਗੁਰਦੁਆਰਿਆਂ ਦੇ ਪੁਜਾਰੀਆਂ ਨੇ ਵੀ ਇਸ ਵੀਹਵੀਂ ਸਦੀ ਵਿਚ ਘੱਟ ਨਹੀਂ ਕੀਤੀ। ਇਉਂ ਧਰਮ ਦੇ ਠੇਕੇਦਾਰਾਂ ਨੇ ਧਰਮ ਦਾ ਇਤਿਹਾਸ ਲਹੂ ਨਾਲ ਲਬੇੜ ਦਿੱਤਾ ਹੋਇਆ ਹੈ।

੧੬. ਪੰਨਾ ੬੦, ਸਤਰ ੯੯-੧੦੦ :

ਪੁਰਾਤਨ ਸਾਖ (Old Testament) ਅਨੁਸਾਰ, ਸ੍ਰਿਸ਼ਟੀ ਦੀ ਰਚਨਾ ਹਜ਼ਰਤ ਈਸਾ ਦੇ ਜਨਮ ਤੋਂ ੪੦੦੪ ਸਾਲ ਪਹਿਲਾਂ ਹੋਈ।

੧੭. ਪੰਨਾ ੬੦, ਸਤਰਾਂ ੧੦੩-੧੦੪ :

ਹਿੰਦੂ ਮਿਥਿਹਾਸ ਮੁਤਾਬਕ ਧਰਤੀ ਨੂੰ ਇਕ ਬਲਦ ਨੇ ਆਪਣੇ ਦੋ ਸਿੰਙਾਂ ਤੇ ਥੰਮਿਆ ਹੋਇਆ ਹੈ।

੧੮. ਪੰਨਾ ੬੧, ਸਤਰਾਂ ੧੦੫-੧੦੭ :

ਪੁਰਾਤਨ ਸਾਖ (Old Testament) ਦੀ ਕਿਤਾਬ 'ਉਤਪਤੀ' ਅਨੁਸਾਰ ਰੱਬ ਨੇ ਛੇ ਦਿਨਾਂ ਵਿਚ ਸਾਰੇ ਆਸਮਾਨ ਤੇ ਧਰਤੀ ਰਚੀ। "ਸਤਵੇਂ ਦਿਨ ਰੱਬ ਨੇ ਆਪਣਾ ਸਾਰਾ ਕੰਮ ਖ਼ਤਮ ਕਰ ਲਿਆ ਤੇ ਉਸ ਦਿਨ ਉਸ ਨੇ ਕੰਮ ਤੋਂ ਵਿਹਲਿਆਂ ਹੋ ਕੇ ਆਰਾਮ ਕੀਤਾ ਤੇ ਉਸਨੇ ਸਤਵੇਂ ਦਿਨ ਨੂੰ ਵਰੋਸਾਇਆ ਤੇ ਉਸ ਨੂੰ ਪਵਿੱਤਰ ਕਰ ਦਿੱਤਾ, ਕਿਉਂਕਿ ਉਸ ਦਿਨ ਉਸ ਨੇ ਆਪਣੇ ਕੰਮ ਤੋਂ ਆਰਾਮ ਕੀਤਾ ਸੀ।" (Genesis, ch. 2, 1, 2, 3)

੧੯. ਪੰਨਾ ੬੩, ਸਤਰਾਂ ੧੪੫-੫੮ :

ਅਜੋਕੀ ਸਾਇੰਸ ਅਨੁਸਾਰ ਬ੍ਰਹਿਮੰਡ-ਉਤਪਤੀ ਬਾਰੇ ਪਰਮਾਣੀਕ ਵਿਚਾਰ ਇਹ ਹੈ : ਖਰਬਾਂ ਸਾਲ ਪਹਿਲਾਂ ਇਸ ਸੰਸਾਰ (ਜਿਸ ਤੋਂ ਮਨੁਖ ਵਾਕਫ਼ ਹੈ) ਦੇ ਸਾਰੇ ਤੱਤ ਇਕ ਨਿਕੇ ਜਹੇ ਆਕਾਰ ਵਿਚ, ਜ਼ਰਾ ਜਿੰਨੀ ਥਾਂ ਵਿਚ ਸਿਮਟੇ ਹੋਏ ਸਨ। ਓਦੋਂ ਸਾਰੇ ਤੱਤ, ਹਲਕੇ ਤੱਤਾਂ ਜਿਵੇਂ ਹਾਈਡਰੋਜਨ ਆਦਿ ਵਿਚੋਂ ਬਣੇ। ਇਸ ਕੀਮੀਆਈ ਤਬਦੀਲੀ ਵਿਚ ਉਹ ਤੱਤ ਫਟ ਕੇ ਉਡ ਪਏ ਤੇ ਪੁਲਾਤਾਂ ਵਿਚ ਸੂਖਮ ਸੂਖਮ ਹਵਾੜਾਂ ਬਣ ਕੇ ਉਡ ਗਏ। ਹਵਾੜਾਂ ਤੇ ਤੱਤਾਂ ਦੇ ਇਸ ਮੁੱਢਲੇ ਗੋਲੇ ਵਿਚੋਂ ਕਈ ਥਾਵਾਂ ਤੇ ਹਵਾੜਾਂ ਤੇ ਤੱਤ ਠੰਢੇ ਹੋ ਕੇ ਇਕੱਠੇ ਹੋ ਗਏ ਤੇ ਤਾਰੇ, ਧਰਤੀ ਆਦਿ ਬਣਨ ਲਗ ਪਏ। ਉਹ ਮੁਢਲਾ ਮਾਦਾ ਤੇ ਇਸ ਵਿਚੋਂ ਬਣੀਆਂ ਧਰਤਾਂ ਸਭ ਕਿਸੇ ਨੇਮ ਵਿਚ ਬਝੀ ਗਰਦਸ਼ ਵਿਚ ਘੁੰਮਦੇ ਰਹੇ ਹਨ ਅਤੇ ਘੁੰਮ ਰਹੇ ਹਨ। ਇਸ ਥੀਊਰੀ ਨੇ ਸੰਸਾਰ-ਉਤਪਤੀ ਦੇ ਧਾਰਮਕ ਸਿਧਾਂਤਾਂ ਨੂੰ ਖੰਡਨ ਕਰ ਦਿੱਤਾ ਹੈ।

੨੦. ਪੰਨਾ ੬੪, ਸਤਰਾਂ ੧੬੩-੧੬੯ :

ਜੰਤ-ਵਿਕਾਸ ਦੀ ਥੀਊਰੀ ਅਨੁਸਾਰ ਸਭ ਤੋਂ ਪਹਿਲਾਂ ਇਕ ਸੈੱਲ ਦੇ ਜੀਵ [ਜਿਵੇਂ ਐਮੀਬਾ ਆਦਿ] ਪੈਦਾ ਹੋਏ। ਫਿਰ ਬਹੁ-ਸੈਲੇ ਜੀਵ ਬਣੇ, ਜੋ ਹੱਡੀਆਂ ਤੋਂ ਹੀਣ ਸਨ ਤੇ ਪਾਣੀ ਵਿਚ ਰਹਿੰਦੇ ਸਨ [ਜਿਵੇਂ ਜੈਲੀ-ਮਛੀ ਆਦਿ]। ਫਿਰ ਪਾਣੀ ਵਿਚ ਰਹਿਣ ਵਾਲੇ ਹੱਡੀਆਂ ਵਾਲੇ ਜੀਵ (ਜਿਵੇਂ ਮੱਛੀਆਂ ਆਦਿ) ਬਣੇ।

ਫਿਰ ਪਾਣੀ ਤੇ ਖ਼ੁਸ਼ਕੀ ਦੋਹਾਂ ਵਿਚ ਵਸਣ ਵਾਲੇ (ਜਿਵੇਂ ਮਗਰਮਛ, ਡਡੂ ਆਦਿ) ਜਨੌਰ ਬਣੇ। ਫਿਰ ਰੀਂਗਣ ਵਾਲੇ (ਸੱਪ ਆਦਿ), ਫਿਰ ਉਡਣ ਵਾਲੇ (ਪੰਖੇਰੂ) ਤੇ ਅੰਤ ਦੁੱਧ ਪਿਆਉਣ ਵਾਲੇ (ਚਮਗਾਦੜ, ਸ਼ੇਰ, ਬਾਂਦਰ ਆਦਿ) ਜਨੌਰ ਤੇ ਇਨ੍ਹਾਂ ਸਭ ਤੋਂ ਅਖੀਰ ਵਿਚ ਮਨੁੱਖ ਬਣਿਆ।

ਜੰਤ-ਉਤਪਤੀ ਬਾਰੇ ਇਹ ਥੀਊਰੀ ਅਜੋਕੀ ਸਾਇੰਸ ਵਿਚ ਬਹੁਤ ਪ੍ਰਮਾਣੀਕ ਸਮਝੀ ਜਾਂਦੀ ਹੈ। ਡਾਰਵਿਨ (Darwin), ਲਮਾਰਕ (Lamarck), ਵਾਲੇਸ (Wallace), ਮੈਂਡਿਲ (Mendel) ਆਦਿ ਸਾਇੰਸਦਾਨਾਂ ਨੇ ਇਸ ਥੀਊਰੀ ਨੂੰ ਸਿੱਧ ਕਰਨ ਲਈ ਅਥਾਹ ਸਬੂਤ ਪੇਸ਼ ਕੀਤੇ ਹਨ। ਜੀਵ-ਉਤਪਤੀ ਬਾਰੇ ਜੋ ਸਿਧਾਂਤ ਧਰਮਾਂ ਨੇ ਪਰਚਲਤ ਕੀਤੇ ਸਨ, ਉਨ੍ਹਾਂ ਨੂੰ ਖੰਡਨ ਕਰ ਕੇ, ਇਸ ਥੀਊਰੀ ਨੇ ਧਰਮਾਂ ਦੇ ਫੈਲਾਏ ਹੋਏ ਭੁਲੇਖੇ ਦੂਰ ਕੀਤੇ। ਵਿਕਾਸ-ਥੀਊਰੀ ਨੂੰ ਮੰਨਣ ਵਾਲਿਆਂ ਦਾ ਇਹ ਵਿਸ਼ਵਾਸ ਹੈ ਕਿ ਵਿਕਾਸ ਜੀਵਨ ਨੂੰ ਨਿਤ ਉਚੇਰੇ ਪੱਧਰ ਵਲ ਲਿਜਾ ਰਿਹਾ ਹੈ। ਘਟੀਆ ਜੂਨਾਂ ਖ਼ਤਮ ਹੋ ਰਹੀਆਂ ਹਨ। ਤਕੜੀਆਂ ਨੂੰ ਕੁਦਰਤ ਬਚਾ ਕੇ ਰਖਦੀ ਹੈ। ਇਉਂ ਜੀਵਨ, ਕਿਸੇ ਆਦਰਸ਼ ਵਲ ਜਾ ਰਿਹਾ ਹੈ। ਇਹ ਖ਼ਿਆਲ ਬਰਜਸਨ (Bergson) ਨੇ 'ਕ੍ਰਿਤਕ-ਵਿਕਾਸ' (Creative Evolution) ਵਿਚ ਦਿੱਤੇ ਹਨ।

SIKHBOOKCLUB.COM

ਜ਼ਿੰਦਗੀ ਤੇਰੀ ਰਹੇ

੨੧. ਪੰਨਾ ੬੮, ਸਤਰ ੨੧ :

ਕੁਦਰਤ ਦੀ ਚੋਣ—Natural Selection (Darwin)

੨੨. ਪੰਨਾ ੬੯, ਸਤਰ ੩੦ :

ਕਿਸੇ ਸਮੇਂ ਸਾਰੀ ਧਰਤੀ ਤੇ ਇਕ-ਦਮ ਬਰਫ਼ਾਨੀ ਸਰਦੀ ਪੈ ਜਾਂਦੀ ਹੈ ਤੇ ਉਹ ਅਨੇਕਾਂ ਸਾਲ ਇਵੇਂ ਰਹਿੰਦੀ ਹੈ। ਉਸ ਸਮੇਂ ਨੂੰ 'ਬਰਫ਼-ਜੁਗ' [Ice Age] ਕਹਿੰਦੇ ਹਨ। ਕਈ ਬਰਫ਼-ਜੁਗ ਪਿਛੇ ਹੋ ਚੁਕੇ ਹਨ ਤੇ ਅਗੋਂ ਵੀ ਅਜਿਹੇ ਬਰਫ਼-ਜੁਗਾਂ ਦੀ ਸੰਭਾਵਨਾ ਖ਼ਤਮ ਨਹੀਂ ਹੋਈ।

੨੩. ਪੰਨਾ ੭੦, ਸਤਰਾਂ ੫੧–੫੨ :

ਵਿਕਾਸ-ਥੀਉਰੀ ਦੇ ਸਦਾਚਾਰਵਾਦੀਆਂ (Moralists) ਨੇ ਇਹ ਵਿਚਾਰ ਦਿਤਾ ਹੈ ਕਿ ਵਿਕਾਸ ਜੀਵਨ ਨੂੰ ਇਕ ਆਦਰਸ਼ ਵਲ ਲਿਜਾ ਰਿਹਾ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਵਿਕਾਸ ਦੇ ਅਸਰ ਹੇਠ ਉੱਨਤੀ ਦੇ ਰਸਤੇ ਨੂੰ ਪਛਾਣੇ ਤੇ ਆਪਣੇ ਜੀਵਨ ਨੂੰ ਉਸੇ ਦਿਸ਼ਾ ਵਲ ਢਾਲੇ, ਜਿਸ ਵਲ ਵਿਕਾਸ ਦਾ ਵਹਾਓ ਹੈ। ਇਹੀ ਆਦਰਸ਼ਕ ਸਦਾਚਾਰ ਹੈ।

ਇਹ ਕੋਈ ਭੁੱਖ ਮਨੁੱਖ ਦੇ ਰੂਹ ਦੀ

੨੪. ਪੰਨੇ ੭੫–੭੭, ਸਤਰਾਂ ੧–੩੨ :

ਇਹ ਵਿਥਿਆ ਅਫ਼ਲਾਤੂਨ ਦੀ ਵਾਰਤਾਲਾਪ ਵਿਚ ਆਉਂਦੀ ਹੈ। (Dialogues of Plato--Symposium.

੨੫. ਪੰਨਾ ੭੭, ਸਤਰਾਂ ੪੦–੪੪ :

A million million Spermatoza
All if them alive :
Out of their cataclysm but one poor Noah
Dare hope to survive-

--Aldous Huxley

੨੬. ਪੰਨਾ ੮੦, ਸਤਰਾਂ ੯੧–੯੩ :

ਇਹ ਇਕ ਮਨੋਵਿਗਿਆਨਕ ਸਚਾਈ ਹੈ ਕਿ ਧਰਮ-ਕਲਾ ਪਿਆਰ ਦੇ ਜਜ਼ਬੇ ਦਾ ਹੀ ਇਕ ਸੂਖਮ [Sublimated] ਰੂਪ ਹੈ।

ਜੀਵਾਂ

੨੭. ਪੰਨਾ ੭੫, ਸਤਰ ੪੧ :

ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ।

(ਗੁਰਵਾਕ--ਵਾਰ ਮਾਝ, ਮ: ੧)

SIKHBOOKCLUB.COM

ਦਿਲ ਮੇਰਾ ਹਸਦਾ ਦਿਲ ਮੇਰਾ ਰੋਂਦਾ

੨੮. ਪੰਨਾ ੯੧, ਸਤਰਾਂ ੨੪-੨੫ :

ਆਧੁਨਿਕ ਬ੍ਰਹਿਮੰਡ ਬੜਾ ਹੋਰ ਜਿਹਾ ਹੋ ਗਿਆ ਹੈ। ਧਰਤੀ ਇਸ ਦਾ ਕੇਂਦਰ ਨਹੀਂ ਰਹੀ, ਸੂਰਜ ਵੀ ਨਹੀਂ। ਸੂਰਜ ਨਾਲੋਂ ਵੱਡੇ ਲੱਖਾਂ ਤਾਰੇ ਇਸ ਬ੍ਰਹਿਮੰਡ ਵਿਚ ਰੁਲਦੇ ਫਿਰਦੇ ਹਨ। ਸਭ ਤੋਂ ਨੇੜੇ ਦਾ ਅਹਿਲ ਤਾਰਾ ਸੂਰਜ ਤੋਂ ੪ ਚਾਨਣ-ਸਾਲ (੨੫,੦੦੦,੦੦੦,੦੦੦,੦੦੦ ਮੀਲ) ਦੂਰ ਹੈ। ਅਕਾਸ਼-ਗੰਗਾ (Gallaxy) ਵਿਚ ੩੦੦,੦੦੦੦ ਲੱਖ ਤਾਰੇ ਹਨ, ਤੇ ਅਕਾਸ਼-ਗੰਗਾ ਵਰਗੇ ੩ ਕਰੋੜ ਤਾਰਾ-ਸਮੂਹ ਮਨੁੱਖ ਨੇ ਦੂਰਬੀਨਾਂ ਰਾਹੀਂ ਲੱਭ ਲਏ ਹਨ, ਤੇ ਸ਼ਾਇਦ ਅਜੇ ਹੋਰ ਵੀ ਹਨ। ਇਕ ਤਾਰਾ-ਸਮੂਹ ਤੋਂ ਦੂਜੇ ਤਕ ਔਸਤ ਫ਼ਾਸਲਾ ੨੦ ਲਖ ਚਾਨਣ-ਸਾਲ ਹੈ (ਇਕ ਚਾਨਣ-ਸਾਲ ਉਹ ਫ਼ਾਸਲਾ ਹੈ ਜੋ ਰੌਸ਼ਨੀ ਇਕ ਸਾਲ ਵਿਚ ਪਾਰ ਕਰਦੀ ਹੈ, ਇਹ ਕੋਈ ੬੦ ਲਖ ਮੀਲ ਦੇ ਬਰਾਬਰ ਹੈ)। ਏਡੇ ਵੱਡੇ ਖਿਲਾਰੇ ਵਿਚ ਮਨੁੱਖ ਦੀ ਧਰਤੀ ਟਿਪਣੇ ਤੋਂ ਵੱਧ ਨਹੀਂ, ਮਨੁੱਖ ਕਿਹੜੀ ਗਿਣਤੀ ਵਿਚ ਹੈ ?

SIKHBOOKCLUB.COM

੨੯. ਪੰਨਾ ੯੨, ਸਤਰਾਂ ੩੫-੩੮ :

ਅਜੋਕੇ ਗਿਆਨ ਅਨੁਸਾਰ ਬ੍ਰਹਿਮੰਡ ਕੋਈ ਥਿਰ ਚੀਜ਼ ਨਹੀਂ, ਸਗੋਂ ਇਸ ਦੀਆਂ ਹੱਦਾਂ ਨਿੱਤ ਪਸਰ ਰਹੀਆਂ ਹਨ। ਤਾਰਾ-ਸਮੂਹ ਇਕ ਦੂਜੇ ਤੋਂ ਬੜੀ ਤੇਜ਼ੀ ਨਾਲ ਦੂਰ ਭੱਜ ਰਹੇ ਹਨ। ਕਈ ਤਾਰੇ ਸਾਡੀ ਧਰਤੀ ਤੋਂ ੧੪੦੦ ਮੀਲ ਫ਼ੀ ਸੈਕੰਡ ਦੀ ਰਫ਼ਤਾਰ ਨਾਲ ਦੂਰ ਹਟ ਰਹੇ ਹਨ।

੩੦. ਪੰਨਾ ੯੨, ਸਤਰਾਂ ੪੩-੪੪ :

ਸਭ ਤੋਂ ਨੇੜੇ ਦਾ ਅਹਿਲ ਤਾਰਾ (Alpha Centauri) ਸਾਡੇ ਕੋਲੋਂ ਕੋਈ ਚਾਰ ਕੁ ਚਾਨਣ-ਸਾਲ ਦੂਰ ਹੈ। ਇਸ ਦਾ ਚਾਨਣ ਚੌਂਹ ਸਾਲਾਂ ਵਿਚ ਧਰਤੀ ਤਕ ਅਪੜਦਾ ਹੈ। ਦੂਰ ਦੇ ਕਈ ਤਾਰਿਆਂ ਦਾ ਚਾਨਣ ਧਰਤੀ ਤਕ ਪਹੁੰਚਣ ਵਿਚ ਸੈਂਕੜੇ ਹਜ਼ਾਰਾਂ ਸਾਲ ਲਾਉਂਦਾ ਹੈ। ਇਉਂ ਇਹ ਤਾਰੇ ਸਾਨੂੰ ਸਦੀਆਂ ਪੁਰਾਣੇ ਦਿਸਦੇ ਹਨ।

ਭੈਣ-ਪਿਆਰ ਦੀ ਤੰਦ

੩੧. ਪੰਨੇ ੧੨੦-੧੨੩ :

'ਬੰਸ' ਮੇਰੀ ਭਾਬੀ ਵੀ ਹੈ, ਤੇ ਮੇਰੀ ਮੂੰਹ-ਬੋਲੀ ਭੈਣ ਵੀ। ਪਹਿਲੀ ਵਾਰ ਜਦ ਉਸ ਨੇ ਮੇਰੇ ਨਾਲ ਇਹ ਪਵਿੱਤਰ ਰਿਸ਼ਤਾ ਕਾਇਮ ਕੀਤਾ ਤਾਂ ਸਭ ਭੈਣਾਂ ਵਾਂਗ ਉਸ ਨੇ ਮੈਨੂੰ ਰਖੜੀ ਭੇਜੀ, ਪਰ ਨਾਲ ਹੀ ਕਿਹਾ ਕਿ ਉਸ ਨੇ ਮੈਥੋਂ ਕੁਝ ਲੈਣ ਵਾਸਤੇ ਉਹ ਰਖੜੀ ਨਹੀਂ ਸੀ ਘੱਲੀ। ਪਰ ਮੈਂ ਕੋਈ ਪਿਆਰ-ਚੋਆ ਦੇਣਾ ਚਾਹੁੰਦਾ ਸਾਂ। ਇਕ ਆਰਟ ਕਾਰਡ ਤੇ, ਜਿਸ ਨੂੰ ਮੈਂ ਆਪਣੀਆਂ ਬੁਰਸ਼-ਛੁਹਾਂ ਨਾਲ ਸਜਾਇਆ ਸੀ, ਮੈਂ ਇਕ ਰੁਬਾਈ ਆਪਣੀ ਲਿਖਾਈ ਵਿਚ ਲਿਖ ਕੇ ਉਸ ਨੂੰ ਘੱਲੀ—ਤੇ ਉਹ ਉਸ ਨੇ ਪਰਵਾਨ ਕਰ ਲਈ। ਵਰ੍ਹੇ ਪਿਛੋਂ ਫਿਰ ਇਵੇਂ ਹੀ ਹੋਇਆ, ਤੇ ਫਿਰ ਹਰ ਵਰ੍ਹੇ ਇਵੇਂ ਹੀ ਹੋਣ ਲਗ ਪਿਆ। ਭਾਵਾਂ ਦੀ ਏਕਤਾ ਕਰਕੇ ਇਨ੍ਹਾਂ ਰੁਬਾਈਆਂ ਦੇ ਮਜ਼ਮੂਨ ਵਿਚ ਵੀ ਏਕਤਾ ਆ ਗਈ, ਤੇ ਇਹ ਰੁਬਾਈਆਂ ਇਕ ਲਗਾਤਾਰ ਕਵਿਤਾ ਬਣ ਗਈਆਂ ਹਨ।

SIKHBOOKCLUB.COM

ਸ਼ਸ਼ੀ ਦੀ ਯਾਦ ਵਿਚ

੩੨, ਪੰਨੇ ੧੨੭-੧੨੮ :

'ਸ਼ਸ਼ੀ' ਮੇਰੀ ਜਮਾਤਣ ਸੀ—ਸੁਹਣੀ, ਸੁਘੜ ਤੇ ਸੁਚੱਜੀ; ਪੱਤਲੀ-ਛਿੰਗ ਜਹੀ, ਲੰਮੀ-ਝੰਮੀ ਤੇ ਮਲੂਕ। ਪਰ ਉਸ ਦੇ ਚਿਹਰੇ ਤੇ ਕਿਸੇ ਪੁਰਾਣੇ ਫੋੜੇ ਦਾ ਇਕ ਦਾਗ ਸੀ ਜੋ ਸ਼ਾਇਦ ਉਸ ਦੇ ਪਿਆਰਾਂ ਦੇ ਪਰਵਾਨ ਚੜ੍ਹਨ ਦੇ ਰਸਤੇ ਵਿਚ ਰੁਕਾਵਟ ਬਣ ਕੇ ਖੜੋ ਗਿਆ। ਸ਼ਾਇਦ, ਉਹ ਆਪਣੀ ਇਹ ਬਦ-ਕਿਸਮਤੀ ਨਾ ਸਹਾਰ ਸਕੀ ਤੇ ਕਿਸਮਤ ਦੇ ਭਾਂਡੇ ਨੂੰ ਉਸ ਨੇ ਆਪਣੇ ਹੱਥੀਂ ਜ਼ਮੀਨ ਤੇ ਪਟਕਾ ਮਾਰਿਆ।

ਜਦ ਵੀ

ਤਤ. ਪੰਨਾ ੧੪੦ :

ہر جا کہ گلے و لالہ زارے بود ست از سرخیِ خونِ شہریارے بود ست
ہر شاخِ بنفشہ کز زمیں مے روید خالے ست کہ بر رخِ نگارے بود ست

*